ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH HD

ਸਾਂਝੀ ਸੋਚ

ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-12 ISSUE 2164 | 16 July, 2025 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260



Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511


# ਯੂਕਰੇਨ ਦੀ ਉਪ ਪ੍ਰਧਾਨ ਮੰਤਰੀ ਯੂਲੀਆ ਨੂੰ ਜੇਲੇਂਸਕੀ ਨੇ ਬਣਾਇਆ ਪ੍ਰਧਾਨ ਮੰਤਰੀ

**ਕੀਵ ਸਾਂਝੀ ਸੋਚ ਬਿਊਰੋ**

ਰੂਸ ਨਾਲ ਜੰਗ ਦੌਰਾਨ ਯੂਕਰੇਨ ਵਿੱਚ ਵੱਡਾ ਉਲਟਫੇਰ ਹੋਇਆ ਹੈ। ਰਾਸ਼ਟਰਪਤੀ ਵੋਲਦੋਮੀਰ ਜ਼ੇਲੇਂਸਕੀ ਨੇ ਉਪ ਪ੍ਰਧਾਨ ਮੰਤਰੀ ਯੂਲੀਆ ਸਵਿਰੀਡੇਂਕੋ ਨੂੰ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਹੈ। ਯੂਲੀਆ ਨੇ ਆਪਣੇ ਬੌਸ ਡੇਨਿਸ ਸ਼ਮੀਹਾਲ ਦੀ ਥਾਂ ਲਈ ਹੈ। ਡੇਨਿਸ 2020 ਵਿਚ ਪ੍ਰਧਾਨ ਮੰਤਰੀ ਚੁਣੇ ਗਏ ਸਨ ਅਤੇ ਯੁੱਧ ਦੌਰਾਨ ਵੀ ਪਿਛਲੇ 3 ਸਾਲਾਂ ਤੋਂ ਇਸ ਅਹੁਦੇ 'ਤੇ ਕੰਮ ਕਰ ਰਹੇ ਸਨ। ਮਿਲੀ ਜਾਣਕਾਰੀ ਮੁਤਾਬਕ, ਸੋਮਵਾਰ (14 ਜੁਲਾਈ) ਨੂੰ ਇੱਕ ਮੀਟਿੰਗ ਤੋਂ ਬਾਅਦ ਜ਼ੇਲੇਂਸਕੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਯੂਲੀਆ ਦੇ ਨਾਮ ਦਾ ਐਲਾਨ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਕਾਰਜਕਾਰੀ ਅਹੁਦਿਆਂ ਵਿਚ ਬਦਲਾਅ ਸ਼ੁਰੂ ਕਰ ਦਿੱਤੇ ਹਨ। ਇਸਦਾ ਪ੍ਰਭਾਵ ਆਉਣ ਵਾਲੇ ਸਮੇਂ ਵਿਚ ਦਿਖਾਈ ਦੇਵੇਗਾ।39 ਸਾਲਾ ਯੂਲੀਆ ਨੂੰ ਜ਼ੇਲੇਂਸਕੀ ਦਾ ਕਰੀਬੀ ਮੰਨਿਆ ਜਾਂਦਾ ਹੈ। ਯੂਲੀਆ ਨੇ ਅਰਥਸ਼ਾਸਤਰ ਵਿਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਰਾਜਨੀਤੀ ਵਿਚ ਪ੍ਰਵੇਸ਼ ਕੀਤਾ।

2008 ਵਿਚ ਯੂਲੀਆ ਨੇ ਕੀਵ ਯੂਨੀਵਰਸਿਟੀ ਤੋਂ ਅਰਥਸ਼ਾਸਤਰ ਵਿਚ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ। ਯੂਲੀਆ ਨੂੰ ਯੂਕਰੇਨ ਵਿਚ ਇੱਕ ਅਰਥਸ਼ਾਸਤਰੀ ਵਜੋਂ ਵੀ ਜਾਣਿਆ ਜਾਂਦਾ ਹੈ। ਸਾਲ 2020 ਵਿਚ ਯੂਲੀਆ ਰਾਸ਼ਟਰਪਤੀ ਦਫ਼ਤਰ ਵਿਚ ਸ਼ਾਮਲ ਹੋਈ। ਜ਼ੇਲੇਂਸਕੀ ਨੇ ਉਸ ਨੂੰ ਖਣਿਜ ਸੌਦਿਆਂ 'ਤੇ ਅਮਰੀਕਾ ਨਾਲ ਗੱਲ ਕਰਨ ਦਾ ਅਧਿਕਾਰ ਵੀ ਦਿੱਤਾ। ਯੂਲੀਆ ਨੇ ਇਹ ਕੰਮ ਵੀ ਬਹੁਤ ਵਧੀਆ ਢੰਗ ਨਾਲ ਕੀਤਾ। ਸਾਲ 2021 ਵਿਚ ਯੂਲੀਆ ਨੂੰ ਡਿਪਟੀ ਪੀ.ਐੱਮ. ਦਾ ਅਹੁਦਾ ਮਿਲਿਆ।ਯੂਲੀਆ ਨੂੰ ਪੀ.ਐੱਮ. ਦੀ ਕੁਰਸੀ ਇਸ ਕਰਕੇ ਮਿਲੀ, ਕਿਉਂਕਿ1. ਰੂਸ ਨਾਲ ਜੰਗ ਕਾਰਨ ਸਰਕਾਰ ਦੇ ਕਾਰਜਕਾਰਨੀ ਵਿਚ ਫੇਰਬਦਲ ਨਹੀਂ ਕੀਤਾ ਜਾ ਸਕਿਆ। ਜ਼ੇਲੇਂਸਕੀ ਡੇਨਿਸ ਨੂੰ ਹਟਾਉਣ ਲਈ ਕੋਈ ਨਵਾਂ ਉਮੀਦਵਾਰ



ਨਹੀਂ ਲੱਭ ਸਕਿਆ। ਯੂਲੀਆ ਇਸ ਮਾਮਲੇ ਵਿਚ ਫਿੱਟ ਹੈ। ਪਹਿਲਾਂ, ਯੂਲੀਆ ਯੂਕਰੇਨ ਦੀ ਡਿਪਟੀ ਪੀਐੱਮ ਸੀ। ਦੂਜਾ, ਉਸਦੇ ਹੱਥ ਵੀ ਸਾਫ਼ ਰਹੇ ਹਨ। ਇਸੇ ਕਰਕੇ ਜ਼ੇਲੇਂਸਕੀ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਯੂਲੀਆ ਨੂੰ ਸੌਂਪ ਦਿੱਤਾ ਹੈ।2. ਰੂਸ ਦੇ ਹਮਲੇ ਕਾਰਨ ਯੂਕਰੇਨ ਬੈਕਫੁੱਟ 'ਤੇ ਹੈ। ਇਸ ਨੂੰ ਤੁਰੰਤ ਅਮਰੀਕੀ ਸਹਿਯੋਗ ਦੀ ਲੋੜ ਹੈ। ਅਮਰੀਕਾ ਸਹਿਯੋਗ ਦੀ ਗੱਲ ਕਰ ਰਿਹਾ ਹੈ ਪਰ ਇਸਦਾ ਪ੍ਰਭਾਵ ਜ਼ਮੀਨ 'ਤੇ ਦਿਖਾਈ ਨਹੀਂ ਦੇ ਰਿਹਾ ਹੈ। ਯੂਲੀਆ ਰਾਹੀਂ, ਯੂਕਰੇਨ ਦੇ ਰਾਸ਼ਟਰਪਤੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੇ ਹਨ।ਜ਼ੇਲੇਂਸਕੀ ਨੇ ਯੂਲੀਆ ਨੂੰ ਨਾਮਜ਼ਦ ਕੀਤਾ ਹੈ, ਪਰ ਉਸਦੇ ਨਾਮ ਦੀ ਪ੍ਰਵਾਨਗੀ ਲੈਣ ਲਈ ਯੂਕਰੇਨੀ ਸੰਸਦ ਦੀ ਪ੍ਰਵਾਨਗੀ ਜ਼ਰੂਰੀ ਹੈ। ਸੰਸਦ ਦੀ ਇੱਕ ਮੀਟਿੰਗ ਹੋ ਸਕਦੀ ਹੈ, ਜਿਸ ਵਿਚ ਯੂਲੀਆ ਦੇ ਨਾਮ ਨੂੰ ਰਸਮੀ ਤੌਰ 'ਤੇ ਪ੍ਰਵਾਨਗੀ ਦਿੱਤੀ ਜਾਵੇਗੀ। ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲਣ ਤੋਂ ਬਾਅਦ ਯੂਲੀਆ ਦੀ ਪਹਿਲੀ ਕੋਸ਼ਿਸ਼ ਅਮਰੀਕਾ ਨਾਲ ਵਿਗੜਦੇ ਸਬੰਧਾਂ ਨੂੰ ਸੁਧਾਰਨ ਦੀ ਹੋਵੇਗੀ। ਵਰਤਮਾਨ ਵਿਚ ਅਮਰੀਕਾ ਵਿਚ ਯੂਕਰੇਨ ਦਾ ਕੋਈ ਰਾਜਦੂਤ ਨਹੀਂ ਹੈ। ਯੂਲੀਆ ਦੀ ਉਸ ਨੂੰ ਨਿਯੁਕਤ ਕਰਨ ਵਿਚ ਵੀ ਭੂਮਿਕਾ ਹੋਵੇਗੀ।

# ਅਮਰੀਕਾ ਤੋਂ ਕੈਨੇਡਾ ਸਰਹੱਦ ਪਾਰ ਕਰਕੇ ਆ ਰਹੇ 12 ਗੈਰਕਾਨੂੰਨੀ ਪ੍ਰਵਾਸੀਆਂ ਦੀ ਗੱਡੀ ਨਾਲ ਹਾਦਸਾ, ਚਾਰ ਜ਼ਖ਼ਮੀ

**ਹੈਮਿੰਗਫਰਡ ਸਾਂਝੀ ਸੋਚ ਬਿਊਰੋ**

ਟਰੰਪ ਦੇ ਇਮੀਗ੍ਰੇਸ਼ਨ ਛਾਪਿਆਂ ਦੇ ਡਰੋਂ ਸੁਰੱਖਿਅਤ ਟਿਕਾਣੇ ਤਲਾਸ਼ ਕਰ ਰਹੇ ਪ੍ਰਵਾਸੀਆਂ ਨਾਲ ਕੈਨੇਡਾ ਵਿਚ ਭਾਣਾ ਵਰਤ ਗਿਆ, ਜਦੋਂ ਸ਼ਰਾਬੀ ਏਜੰਟ ਨੇ ਸਾਹਮਣੇ ਤੋਂ ਆ ਰਹੇ ਐੱਸ.ਯੂ.ਵੀ. ਨੂੰ ਟੱਕਰ ਮਾਰ ਦਿੱਤੀ। ਹਾਦਸਾ ਕਿਊਬੈਕ ਸੂਬੇ ਵਿਚ ਵਾਪਰਿਆ ਅਤੇ ਗੱਡੀ ਵਿਚ ਤੁੰਨੇ ਪ੍ਰਵਾਸੀਆਂ ਵਿਚੋਂ ਘੱਟੋ-ਘੱਟ ਚਾਰ ਜਣੇ ਜ਼ਖਮੀ ਹੋ ਗਏ। ਮਾਂਟਰੀਅਲ ਤੋਂ 65 ਕਿਲੋਮੀਟਰ ਦੱਖਣ ਵੱਲ ਹੈਮਿੰਗਫਰਡ ਦੇ ਇਕ ਇੰਟਰਸੈਕਸ਼ਨ 'ਤੇ ਵਾਪਰਿਆ। ਪੁਲਿਸ ਦਾ ਕਹਿਣਾ ਹੈ ਕਿ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਤੋਂ ਕੈਨੇਡਾ ਦਾਖਲ ਹੋ ਰਹੇ ਪ੍ਰਵਾਸੀਆਂ ਨੂੰ ਆਪਣੀ ਕੋਈ ਪ੍ਰਵਾਹ ਨਹੀਂ।ਉਧਰ ਗੱਡੀ ਵਿਚ ਤੁੰਨੇ ਪ੍ਰਵਾਸੀਆਂ ਦੀ ਗਿਣਤੀ ਬਾਰੇ ਵੀ ਵੱਖੋ-ਵੱਖਰੇ ਅੰਕੜੇ ਸਾਹਮਣੇ ਆ ਰਹੇ ਹਨ। ਮੌਕੇ 'ਤੇ ਪੁੱਜੇ ਐਮਰਜੰਸੀ ਕਾਮਿਆਂ ਵੱਲੋਂ ਪਹਿਲਾਂ 10 ਜਣਿਆਂ ਦਾ ਜ਼ਿਕਰ ਕੀਤਾ ਗਿਆ ਪਰ ਕੁਝ ਦੇਰ ਮਗਰੋਂ ਅੰਕੜਾ 12 ਦੱਸਿਆ ਜਾ ਰਿਹਾ ਸੀ। ਆਰ.ਸੀ.ਐੱਮ.ਪੀ. ਨੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਤੋਂ ਆਉਣ ਬਾਰੇ ਤਸਦੀਕ ਕਰ ਦਿੱਤੀ ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਕਦੋਂ ਦਾਖਲ ਹੋਏ। ਪੁਲਿਸ ਵੱਲੋਂ 48 ਸਾਲ ਦੇ ਅਮਰੀਕਨ ਨੂੰ ਗ੍ਰਿਫ਼ਤਾਰ ਕਰਦਿਆਂ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ ਆਇਦ ਕੀਤੇ ਗਏ ਹਨ।ਵਰਣਨਯੋਗ ਹੈ ਕਿ ਨਿਊਯਾਰਕ, ਵਰਮੌਂਟ ਅਤੇ ਨਿਊ ਹੈਂਪਸ਼ਾਇਰ ਦੇ ਨਾਲ ਲੱਗਦੇ ਕੈਨੇਡਾ ਦੇ ਸਵੈਂਟਨ ਸੈਕਟਰ ਦਾ 24 ਹਜ਼ਾਰ ਵਰਗ ਮੀਲ ਇਲਾਕਾ ਪ੍ਰਵਾਸੀਆਂ ਦੇ ਅਮਰੀਕਾ ਦਾਖਲ ਹੋਣ ਦਾ ਬਿਹਤਰੀਨ ਰਾਹ ਮੰਨਿਆ ਜਾਂਦਾ ਸੀ ਪਰ ਹੁਣ ਇਸੇ ਰਸਤੇ ਅਮਰੀਕਾ ਤੋਂ ਕੈਨੇਡਾ ਆਉਣ ਵਾਲਿਆਂ ਦੀ ਭੀੜ ਵਧਦੀ ਜਾ ਰਹੀ ਹੈ।ਟਰੰਪ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਕੈਨੇਡਾ ਤੋਂ ਅਮਰੀਕਾ ਵੱਲ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਲੱਖਾਂ ਵਿਚ ਹੁੰਦੀ ਸੀ।


Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

GINNY BEDI LAW PC
Immigration
Divorce
Custody and Support issues
Business Disputes
Living Trusts
Criminal Matters
Misdemeanors
DUI
Ginny Bedi Attorney
ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।
255 N Market St Ste 150 San Jose CA 95110
Tel: (408) 800-0242 Fax: (408) 800-0240, Mobile: (408) 802-2501
Email: ginny@ginnybedilaw.com Web: www.ginnybedilaw.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
CalDRE # 02115235
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

PAL FILMS & PHOTO BOOKS
WWW.PALFILMS.COM
All Your Photo/Videography & Post Production needs Under One Roof
Music Video | Pre Shoots | Weddings | Birthdays | Graduations Stage Shows Or Any Kind Of Events | Customize Photobooks (upto 6 feet) Video Editing VFX/DI/CC & Much More....
Full Photo & Videography studio with Green Screen Blue Screen
PH: (925) 489 3400, (341) 356 1517
4007 Railroad Ave Pittsburgh, CA 94565 | Email: palfilms@yahoo.com, palfilms925@gmail.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS



**Jaswant S.Pannu**
Office: 209-900-1994
Cell: 408-340-0157
jaswantpannu@yahoo.com



**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties

For more properties or business, contact us.






**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


OPEN
OPEN
NOW HIRING
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road, Suite H2-167 Modesto, CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਧਰਮ ਪਰਿਵਰਤਨ ਦਾ ਕਾਰੋਬਾਰ
# ਵਿਦੇਸ਼ੀ ਫੰਡਿੰਗ ਅਤੇ ਸਮਾਜਿਕ ਵਿਗਾੜ ਦੀ ਸਾਜ਼ਿਸ਼

ਉੱਤਰ ਪ੍ਰਦੇਸ਼ ਵਿੱਚ ਏਟੀਐਸ ਨੇ ਇੱਕ ਵੱਡੇ ਧਰਮ ਪਰਿਵਰਤਨ ਰੈਕੇਟ ਦਾ ਪਰਦਾਫਾਸ਼ ਕੀਤਾ ਹੈ ਜਿਸ ਵਿੱਚ ਵਿਦੇਸ਼ੀ ਫੰਡਿੰਗ ਰਾਹੀਂ ਲਗਭਗ 100 ਕਰੋੜ ਰੁਪਏ 40 ਖਾਤਿਆਂ ਵਿੱਚ ਭੇਜੇ ਗਏ ਸਨ। ਮੁੱਖ ਦੋਸ਼ੀ 'ਛੰਗਰੁ ਬਾਬਾ' ਉਰਫ਼ ਜਮਸ਼ੇਦੁਦੀਨ ਦੀ ਅਗਵਾਈ ਵਾਲਾ ਇਹ ਗਿਰੋਹ 15-16 ਲੱਖ ਰੁਪਏ ਦੀ ਦਰ ਨਾਲ ਉੱਚ ਜਾਤੀ ਦੀਆਂ ਕੁੜੀਆਂ ਦਾ ਧਰਮ ਪਰਿਵਰਤਨ ਕਰਦਾ ਸੀ। ਇਹ ਸਿਰਫ਼ ਵਿਸ਼ਵਾਸ ਦਾ ਮਾਮਲਾ ਨਹੀਂ ਹੈ, ਸਗੋਂ ਇੱਕ ਯੋਜਨਾਬੱਧ ਸਮਾਜਿਕ ਸਾਜ਼ਿਸ਼ ਹੈ ਜੋ ਜਾਤ, ਧਰਮ ਅਤੇ ਲਿੰਗ ਦੇ ਆਧਾਰ 'ਤੇ ਦੇਸ਼ ਦੀ ਏਕਤਾ ਨੂੰ ਤੋੜਨ ਦੀ ਕੋਸ਼ਿਸ਼ ਕਰਦੀ ਹੈ। ਇਸਨੂੰ ਧਾਰਮਿਕ ਆਜ਼ਾਦੀ ਨਹੀਂ, ਸਗੋਂ ਸੰਗਠਿਤ ਅਪਰਾਧ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਧਰਮ ਕਿਸੇ ਵੀ ਸਮਾਜ ਦੀ ਆਤਮਾ ਹੁੰਦਾ ਹੈ, ਪਰ ਜਦੋਂ ਧਰਮ ਦੀ ਵਰਤੋਂ 'ਕਾਰੋਬਾਰ' ਵਿੱਚ ਬਦਲ ਜਾਂਦੀ ਹੈ, ਤਾਂ ਸਵਾਲ ਸਿਰਫ਼ ਵਿਸ਼ਵਾਸ ਦਾ ਨਹੀਂ ਸਗੋਂ ਦੇਸ਼ ਦੀ ਸੁਰੱਖਿਆ, ਸਮਾਜਿਕ ਸਦਭਾਵਨਾ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਹੁੰਦਾ ਹੈ। ਉੱਤਰ ਪ੍ਰਦੇਸ਼ ਵਿੱਚ ਏਟੀਐਸ ਦੁਆਰਾ ਬੇਨਕਾਬ ਕੀਤੇ ਗਏ ਇੱਕ ਵੱਡੇ ਧਰਮ ਪਰਿਵਰਤਨ ਰੈਕੇਟ ਨੇ ਇਸ ਭਿਆਨਕ ਸੱਚਾਈ ਨੂੰ ਸਾਡੇ ਸਾਹਮਣੇ ਲਿਆਂਦਾ ਹੈ। ਕਥਿਤ ਤੌਰ 'ਤੇ "ਛੰਗਰੁ ਬਾਬਾ" ਉਰਫ਼ ਜਮਸ਼ੇਦੁਦੀਨ ਦੀ ਅਗਵਾਈ ਹੇਠ, ਇਹ ਗਿਰੋਹ ਨਾ ਸਿਰਫ਼ ਮਾਸੂਮ ਲੋਕਾਂ ਦਾ ਧਰਮ ਪਰਿਵਰਤਨ ਕਰਵਾ ਰਿਹਾ ਸੀ, ਸਗੋਂ ਇਸਦੇ ਪਿੱਛੇ ਇੱਕ ਯੋਜਨਾਬੱਧ ਨੈੱਟਵਰਕ, ਵਿਦੇਸ਼ੀ ਫੰਡਿੰਗ ਅਤੇ ਜਾਤੀ-ਅਧਾਰਤ ਨਿਸ਼ਾਨਾ ਵੀ ਸੀ।

ਜਿਸ ਤਰ੍ਹਾਂ ਇਸ ਰੈਕੇਟ ਦਾ ਕੰਮ-ਢੰਗ ਸਾਹਮਣੇ ਆਇਆ ਹੈ, ਉਹ ਧਰਮ ਪਰਿਵਰਤਨ ਨੂੰ ਇੱਕ ਯੋਜਨਾਬੱਧ ਕਾਰੋਬਾਰ ਵਜੋਂ ਦਰਸਾਉਂਦਾ ਹੈ। ਇਹ ਨਿੱਜੀ ਵਿਸ਼ਵਾਸ ਦਾ ਫੈਸਲਾ ਨਹੀਂ ਸੀ, ਸਗੋਂ ਵਿਦੇਸ਼ੀ ਪੈਸੇ ਦੁਆਰਾ ਚਲਾਇਆ ਜਾ ਰਿਹਾ ਇੱਕ ਮਿਸ਼ਨ ਸੀ - ਜਿਸ ਵਿੱਚ ਧਰਮ, ਜਾਤ, ਔਰਤਾਂ ਅਤੇ ਸਮਾਜ ਨੂੰ ਇੱਕ ਵਸਤੂ ਵਜੋਂ ਮੰਨਿਆ ਜਾਂਦਾ ਸੀ। ਐਫਆਈਆਰ ਅਤੇ ਜਾਂਚ ਰਿਪੋਰਟ ਦੇ ਅਨੁਸਾਰ, ਧਰਮ ਪਰਿਵਰਤਨ ਲਈ ਇੱਕ ਢੁਕਵਾਂ 'ਰੇਟ ਕਾਰਡ' ਸੀ। ਉੱਚ ਜਾਤੀ ਦੀਆਂ ਕੁੜੀਆਂ ਲਈ ਧਰਮ ਪਰਿਵਰਤਨ ਦੀ ਦਰ 15-16 ਲੱਖ ਰੁਪਏ ਤੱਕ ਸੀ, ਜਦੋਂ ਕਿ ਹੋਰ ਕੁੜੀਆਂ ਲਈ ਇਹ 8-10 ਲੱਖ ਰੁਪਏ ਸੀ। ਕਲਪਨਾ ਕਰੋ, ਜਦੋਂ ਧਰਮ ਦਾ ਮੁਲਾਂਕਣ ਜਾਤੀ ਅਤੇ ਲਿੰਗ ਦੇ ਆਧਾਰ 'ਤੇ ਵੀ ਹੋਣਾ ਸ਼ੁਰੂ ਹੋ ਜਾਂਦਾ ਹੈ, ਤਾਂ ਇਹ ਕਿਸ ਪੱਧਰ ਤੱਕ ਨਿਘਾਰ ਦਾ ਪ੍ਰਤੀਕ ਬਣ ਜਾਂਦਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਰੈਕੇਟ ਦੇ 40 ਬੈਂਕ ਖਾਤੇ ਸਨ ਜਿਨ੍ਹਾਂ ਵਿੱਚ 100 ਕਰੋੜ ਰੁਪਏ ਤੋਂ ਵੱਧ ਵਿਦੇਸ਼ਾਂ ਤੋਂ ਭੇਜੇ ਗਏ ਸਨ। ਇਹ ਪੈਸਾ ਕਿਸ ਦੇ ਨਿਰਦੇਸ਼ਾਂ 'ਤੇ, ਕਿਹੜੇ ਉਦੇਸ਼ਾਂ ਲਈ ਅਤੇ ਕਿਹੜੇ ਦੇਸ਼ਾਂ ਤੋਂ ਭੇਜਿਆ ਗਿਆ ਸੀ। ਇਹ ਸਵਾਲ ਸਿਰਫ਼ ਜਾਂਚ ਏਜੰਸੀਆਂ ਦੇ ਨਹੀਂ ਸਗੋਂ ਪੂਰੇ ਦੇਸ਼ ਦੇ ਹਨ। ਕੀ ਇਹ ਸਿਰਫ਼ ਧਰਮ ਪਰਿਵਰਤਨ ਲਈ ਸੀ ਜਾਂ ਇਸ ਪਿੱਛੇ ਕੋਈ ਹੋਰ ਵੱਡੀ ਗਲੋਬਲ, ਰਾਜਨੀਤਿਕ ਜਾਂ ਵਿਚਾਰਧਾਰਕ ਸਾਜ਼ਿਸ਼ ਛੁਪੀ ਹੋਈ ਹੈ?

ਇਸ ਰੈਕੇਟ ਦੇ ਢੰਗ-ਤਰੀਕੇ ਵਿੱਚ ਸੋਸ਼ਲ ਮੀਡੀਆ ਦੀ ਵਿਆਪਕ ਵਰਤੋਂ ਕੀਤੀ ਗਈ। ਕਮਜ਼ੋਰ ਵਰਗਾਂ ਨੂੰ ਜਾਅਲੀ ਵੀਡੀਓ, ਪ੍ਰੇਰਣਾਦਾਇਕ ਭਾਸ਼ਣ, 'ਇਸਲਾਮ ਕਬੂਲ ਕਰਕੇ ਮਿਲੀ ਰਾਹਤ' ਵਾਇਰਲ ਕਰਕੇ ਲੁਭਾਇਆ ਗਿਆ। ਪਹਿਲਾਂ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਪ੍ਰਭਾਵਿਤ ਕੀਤਾ ਗਿਆ, ਫਿਰ ਵਿੱਤੀ ਪ੍ਰੇਰਨਾ ਦਿੱਤੀ ਗਈ ਅਤੇ ਅੰਤ ਵਿੱਚ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਇਆ ਗਿਆ। ਇਹ ਮਨੋਵਿਗਿਆਨਕ ਯੁੱਧ ਵਾਂਗ ਹੈ ਜਿੱਥੇ ਪਹਿਲਾਂ ਦਿਮਾਗ ਜਿੱਤਿਆ ਜਾਂਦਾ ਹੈ, ਫਿਰ ਸਰੀਰ। ਅਤੇ ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਇਸਨੂੰ ਧਰਮ ਦਾ ਨਾਮ ਦਿੱਤਾ ਗਿਆ।

ਇਸ ਮਾਮਲੇ ਵਿੱਚ, ਬਲਰਾਮਪੁਰ ਜ਼ਿਲ੍ਹੇ ਦੇ ਇੱਕ ਪੂਰੇ ਪਰਿਵਾਰ ਦੇ ਧਰਮ ਪਰਿਵਰਤਨ ਦੀ ਪੁਸ਼ਟੀ ਹੋਈ ਹੈ। ਉੱਥੇ, ਔਰਤਾਂ ਅਤੇ ਬੱਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਧਰਮ ਪਰਿਵਰਤਨ ਲਈ ਮਜਬੂਰ ਕੀਤਾ ਗਿਆ। ਇਹ ਕੋਈ ਅਪਵਾਦ ਨਹੀਂ ਹੈ, ਸਗੋਂ ਉਸੇ ਪੈਟਰਨ ਦਾ ਹਿੱਸਾ ਹੈ ਜਿਸ ਵਿੱਚ ਪੇਂਡੂ, ਅਨਪੜ੍ਹ ਅਤੇ ਆਰਥਿਕ ਤੌਰ 'ਤੇ ਪਛੜੇ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਇਹ ਸਮਾਜਿਕ ਅਸਮਾਨਤਾ ਦਾ ਸ਼ੋਸ਼ਣ ਹੈ। ਜਦੋਂ ਰਾਜ, ਸਮਾਜ ਅਤੇ ਪ੍ਰਸ਼ਾਸਨ ਇਨ੍ਹਾਂ ਪਰਿਵਾਰਾਂ ਦੀ ਰੱਖਿਆ ਕਰਨ ਵਿੱਚ ਅਸਮਰੱਥ ਹੁੰਦੇ ਹਨ, ਤਾਂ ਅਜਿਹੇ ਗਿਰੋਹ ਆਪਣਾ ਜਾਲ ਫੈਲਾਉਂਦੇ ਹਨ।

ਇਸ ਰੈਕੇਟ ਦਾ ਸਭ ਤੋਂ ਖਤਰਨਾਕ ਪਹਿਲੂ ਜਾਤ-ਅਧਾਰਤ ਕੀਮਤਾਂ ਸੀ। ਉੱਚ ਜਾਤੀਆਂ ਦੀਆਂ ਕੁੜੀਆਂ ਦਾ ਧਰਮ ਪਰਿਵਰਤਨ ਕਰਨ ਲਈ ਵਧੇਰੇ ਪੈਸੇ ਦਿੱਤੇ ਜਾਂਦੇ ਸਨ। ਇਸਦਾ ਮਤਲਬ ਹੈ ਕਿ ਧਰਮ ਪਰਿਵਰਤਨ ਨਾ ਸਿਰਫ਼ ਧਰਮ ਲਈ, ਸਗੋਂ ਜਾਤੀ-ਸਮਾਜਿਕ ਢਾਂਚੇ ਨੂੰ ਤੋੜਨ ਲਈ ਵੀ ਇੱਕ ਸਾਧਨ ਬਣ ਗਿਆ ਹੈ। ਇਹ ਨਾ ਸਿਰਫ਼ ਹਿੰਦੂ ਸਮਾਜ ਨੂੰ ਕਮਜ਼ੋਰ ਕਰਨ ਦੀ ਇੱਕ ਚਾਲ ਹੈ, ਸਗੋਂ ਦੇਸ਼ ਨੂੰ ਅੰਦਰੂਨੀ ਤੌਰ 'ਤੇ ਤੋੜਨ ਦੀ ਇੱਕ ਰਣਨੀਤੀ ਵੀ ਹੈ।

ਇਸ ਮੁੱਦੇ 'ਤੇ ਅਖੌਤੀ ਧਰਮ ਨਿਰਪੱਖ ਬੁੱਧੀਜੀਵੀ ਚੁੱਪ ਹਨ। ਉਹੀ ਵਰਗ ਜੋ 'ਧਰਮ ਨਿਰਪੱਖਤਾ' ਦਾ ਰੌਲਾ ਪਾਉਂਦਾ ਹੈ, 'ਸੰਵਿਧਾਨ ਦੀ ਆਤਮਾ' ਦੀ ਗੱਲ ਕਰਦਾ ਹੈ, ਅੱਜ ਚੁੱਪ ਹੋ ਗਿਆ ਹੈ। ਕਿਉਂ? ਕੀ ਧਰਮ ਪਰਿਵਰਤਨ ਨੂੰ ਵੀ ਪ੍ਰਗਟਾਵੇ ਦੀ ਆਜ਼ਾਦੀ ਮੰਨਿਆ ਗਿਆ ਹੈ? ਕੀ ਕਿਸੇ ਗਰੀਬ, ਦਲਿਤ, ਔਰਤ ਜਾਂ ਆਦਿਵਾਸੀ ਦਾ ਧਰਮ ਜ਼ਬਰਦਸਤੀ ਬਦਲਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ? ਜੇਕਰ ਕੋਈ ਕਿਸੇ ਦਲਿਤ ਨੂੰ ਮੰਦਰ ਵਿੱਚ ਦਾਖਲ ਹੋਣ 'ਤੇ ਇਤਰਾਜ਼ ਕਰਦਾ ਹੈ ਤਾਂ ਰੌਲਾ ਪੈਂਦਾ ਹੈ, ਪਰ ਜਦੋਂ ਉਸੇ ਦਲਿਤ ਨੂੰ ਪੈਸੇ ਲਈ ਧਰਮ ਪਰਿਵਰਤਨ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਤਾਂ ਕੋਈ ਨਹੀਂ ਬੋਲਦਾ। ਇਹ ਚੁੱਪੀ ਆਪਣੇ ਆਪ ਵਿੱਚ ਇੱਕ ਅਪਰਾਧ ਹੈ।

ਇਹ ਵੀ ਧਿਆਨ ਦੇਣ ਯੋਗ ਹੈ ਕਿ ਰਾਜਨੀਤਿਕ ਪਾਰਟੀਆਂ ਅਕਸਰ ਵੋਟ ਬੈਂਕ ਦੀ ਰਾਜਨੀਤੀ ਕਾਰਨ ਅਜਿਹੇ ਮਾਮਲਿਆਂ 'ਤੇ ਖੁੱਲ੍ਹ ਕੇ ਪ੍ਰਤੀਕਿਰਿਆ ਨਹੀਂ ਦਿੰਦੀਆਂ। ਘੱਟ ਗਿਣਤੀਆਂ ਦੀ 'ਸੰਵੇਦਨਸ਼ੀਲਤਾ' ਦੇ ਨਾਮ 'ਤੇ ਅਜਿਹੇ ਦੇਸ਼ ਵਿਰੋਧੀ ਕੰਮਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਸਵਾਲ ਇਹ ਹੈ ਕਿ ਕੀ ਦੇਸ਼ ਦੀ ਅਖੰਡਤਾ ਅਤੇ ਸਮਾਜਿਕ ਸਦਭਾਵਨਾ ਵੋਟ ਬੈਂਕ ਨਾਲੋਂ ਛੋਟੀ ਹੋ ਗਈ ਹੈ? ਜੇਕਰ ਕੋਈ ਹਿੰਦੂ ਸੰਗਠਨ ਧਰਮ ਪਰਿਵਰਤਨ ਨੂੰ ਰੋਕਣ ਦੀ ਗੱਲ ਕਰਦਾ ਹੈ ਤਾਂ ਉਸਨੂੰ ਕੱਟੜਪੰਥੀ ਕਿਹਾ ਜਾਂਦਾ ਹੈ, ਪਰ ਜਦੋਂ ਵਿਦੇਸ਼ੀ ਪੈਸਾ ਧਰਮ ਪਰਿਵਰਤਨ ਦੇ ਨਾਮ 'ਤੇ ਆਉਂਦਾ ਹੈ ਅਤੇ ਸਮਾਜ ਨੂੰ ਤੋੜਦਾ ਹੈ ਤਾਂ ਹਰ ਕੋਈ ਚੁੱਪ ਹੋ ਜਾਂਦਾ ਹੈ।

ਇਹ ਕੋਈ ਇਕੱਲਾ ਮਾਮਲਾ ਨਹੀਂ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਅਜਿਹੇ ਗਿਰੋਹ ਸਰਗਰਮ ਹਨ ਜੋ ਸਮਾਜਿਕ ਕਮਜ਼ੋਰੀ, ਆਰਥਿਕ ਮਜਬੂਰੀ ਅਤੇ ਸਿੱਖਿਆ ਦੀ ਘਾਟ ਦਾ ਫਾਇਦਾ ਉਠਾ ਕੇ ਲੋਕਾਂ ਦਾ ਧਰਮ ਪਰਿਵਰਤਨ ਕਰ ਰਹੇ ਹਨ। ਇਸ ਨਾਲ ਨਜਿੱਠਣ ਲਈ, ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਵਿਦੇਸ਼ੀ ਫੰਡਿੰਗ ਦੀ ਨਿਗਰਾਨੀ ਕਰਨ ਲਈ ਡਿਜੀਟਲ ਟਰੈਕਿੰਗ ਵਿਧੀ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਪ੍ਰਭਾਵਿਤ ਪਰਿਵਾਰਾਂ ਦੇ ਪੁਨਰਵਾਸ ਅਤੇ ਮਨੋਵਿਗਿਆਨਕ ਸਲਾਹ ਲਈ ਇੱਕ ਪ੍ਰਣਾਲੀ ਹੋਣੀ ਚਾਹੀਦੀ ਹੈ। ਸਿੱਖਿਆ ਅਤੇ ਰੁਜ਼ਗਾਰ ਰਾਹੀਂ ਸਮਾਜ ਨੂੰ ਸਵੈ-ਨਿਰਭਰ ਅਤੇ ਜਾਗਰੂਕ ਬਣਾਉਣਾ ਮਹੱਤਵਪੂਰਨ ਹੈ।

ਧਰਮ ਆਤਮਾ ਦਾ ਮਾਮਲਾ ਹੈ, ਇਸਨੂੰ ਸੌਦੇਬਾਜ਼ੀ ਦਾ ਸਾਧਨ ਬਣਾਉਣਾ ਨਾ ਸਿਰਫ਼ ਇੱਕ ਅਪਰਾਧ ਹੈ, ਸਗੋਂ ਮਨੁੱਖਤਾ ਦਾ ਅਪਮਾਨ ਵੀ ਹੈ। ਜਦੋਂ ਧਰਮ ਪਰਿਵਰਤਨ ਵਿਅਕਤੀਗਤ ਚੇਤਨਾ ਤੋਂ ਨਹੀਂ ਸਗੋਂ ਲਾਲਚ, ਡਰ ਜਾਂ ਧੋਖੇ ਤੋਂ ਕੀਤਾ ਜਾਂਦਾ ਹੈ, ਤਾਂ ਇਹ ਧਰਮ ਨਹੀਂ ਸਗੋਂ ਸ਼ੋਸ਼ਣ ਹੈ। ਸਾਡੇ ਲਈ ਧਰਮ ਪਰਿਵਰਤਨ ਦੀ ਆੜ ਵਿੱਚ ਹੋ ਰਹੇ ਇਨ੍ਹਾਂ ਸੰਗਠਿਤ ਅਪਰਾਧਾਂ ਦੀ ਪਛਾਣ ਕਰਨਾ, ਉਨ੍ਹਾਂ ਦਾ ਵਿਰੋਧ ਕਰਨਾ ਅਤੇ ਸਮਾਜ ਨੂੰ ਅਜਿਹੀਆਂ ਗਤੀਵਿਧੀਆਂ ਤੋਂ ਬਚਾਉਣ ਲਈ ਸੰਗਠਿਤ ਯਤਨ ਕਰਨਾ ਮਹੱਤਵਪੂਰਨ ਹੈ। ਧਰਮ ਨੂੰ ਨਾ ਵੇਚੋ ਅਤੇ ਨਾ ਹੀ ਖਰੀਦੋ ਸਗੋਂ ਇਸਦੀ ਇੱਜ਼ਤ ਨੂੰ ਸਮਝੋ, ਸਮਾਓ ਅਤੇ ਇਸਦੀ ਰੱਖਿਆ ਕਰੋ।

**ਡਾ. ਸਤਿਆਵਾਨ ਸੌਰਭ,**
ਕਵੀ, ਫ੍ਰੀਲਾਂਸ ਪੱਤਰਕਾਰ
ਬਰਵਾ (ਸਿਵਾਨੀ) ਭਿਵਾਨੀ,
9466526148

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਬਰੰਗ ਰੇਡੀਓ ਪਰਵਾਜ਼ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# ivps
# India Visa & Passport
## Services

**ਸਾਰੇ ਹੀ ਕੰਮ ਬਹੁਤ ਹੀ ਸਸਤੇ ਰੇਟਾਂ ਤੇ ਕੀਤੇ ਜਾਂਦੇ ਹਨ।**

| ਸੇਵਾਵਾਂ | SERVICES |
|---|---|
| ਪਾਸਪੋਰਟ ਨਵਾ ਬਣਾਉਣਾ ਹੋਵੇ ਜਾਂ ਉਸ ਦੀ ਤਰੀਕ ਵਧਾਉਣੀ ਹੋਵੇ | New or Renew Passport Application |
| ਇੰਡੀਆ ਜਾਣ ਲਈ ਵਾਪਸੀ ਪੱਤਰ ਲੈ ਕੇ ਪੱਕੇ ਤੋਰ ਤੇ ਇੰਡੀਆ ਜਾਣਾ ਹੋਵੇ | Emergency Certificate (EC)-Travel Document |
| ਇੰਡੀਆ ਦਾ ਵੀਜ਼ਾ ਲੈਣਾ ਹੋਵੇ | Sticker Visa or Evisa Application |
| Surrender ਸਰਟੀਫਕੇਟ ਲੈਣਾ ਹੋਵੇ | Renunciation/ Surrender Certificate application |
| OCI ਲੈਣ ਵਾਸਤੇ | OCI application |
| ਹੇਠ ਲਿਖੇ ਦਸਤਾਵੇਜ਼ਾਂ ਦੀ ਤਸਦੀਕ ਕਰਾਉਣੀ ਹੋਵੇ<br>• ਪਾਵਰ ਆਫ ਅਟਾਰਨੀ ਅਟੈਸਟ ਕਰਵਾਉਣਾ ਹੋਵੇ<br>• ਲ਼ਾਈਫ ਸਰਟੀਫਕੇਟ ਬਣਾਉਣ ਲਈ<br>• ਜੇਕਰ ਬੱਚਾ ਇੰਡੀਆ ਹੈ ਤਾਂ ਉਸ ਦਾ ਪਾਸਪੋਰਟ ਬਣਾਉਣ ਲਈ ਅਮਰੀਕਾ ਤੋਂ affidavit ਭੇਜਣਾ ਹੋਵੇ<br>• ਅਸਤ ਪਾਉਣ ਲਈ ਇੰਡੀਆ ਲੈਕੇ ਜਾਣ ਲਈ ਪੈਪਰ ਅਟੈਸਟ ਕਰਵਾਉਣੇ ਹੋਣ | Attestations of following documents<br>• Power of Attorney<br>• Life Certificate<br>• Affidavit for child passport to be issued India<br>• Death Documents Attestations - Transportation of Ashes/Mortal Remains to India |

**Surrender Certificate/ Visa ਜਾ Surrender Certificate/OCI ਲੈਣ ਲਈ Package Price ਵੀ ਦਿੰਦੇ ਹਾਂ।**






- ਅਸੀ ਤੁਹਾਡੀ ਸੇਵਾ ਵਿੱਚ 7 days a week ਹਾਜ਼ਰ ਹਾਂ।
- Emergency ਸਮੇਂ ਕਿਸੇ ਵੀ ਸਮੇਂ ਕਾਲ ਕਰੋ ਤੁਹਾਡੀ ਸੇਵਾ ਲਈ 24 ਘੰਟੇ ਹਾਜਰ ਹਾਂ। (Emergency ਸੇਵਾਵਾਂ ਦੇ ਵੱਖਰੇ ਪੈਸੇ ਲਏ ਜਾਣਗੇ)

**ਪਰੇਸ਼ਾਨ ਹੋਣ ਦੀ ਲੋੜ ਨਹੀ ਹੁਣੇ ਕਾਲ ਕਰੋ**

**Boota Singh Basi (209) 303-1260**


SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ
ਚਾਹਵਾਨ ਇੱਕ ਵਾਰ
ਸਾਨੂੰ ਜਰੂਰ ਮਿਲੋ
COMMERCIAL
and
RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential &
Commercial
(317) 513-9456
jsamra@jassamra.com
www.jassamra.com
8555 N. River Rd. Suite
200 Indianapolis, IN 46240
Real Estate Lic Number Each Office Independently Owned And Operated
REALTOR

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

**When Tired of All Treatments, For any Disease, at any Age Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਆਮ ਆਦਮੀ ਪਾਰਟੀ ਨੇ ਯੂਥ ਅਤੇ ਮਹਿਲਾ ਵਿੰਗ ਦੇ ਅਹੁਦੇਦਾਰ ਕੀਤੇ ਨਿਯੁਕਤ

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸੋਮਵਾਰ ਨੂੰ ਆਪਣੇ ਸੰਗਠਨ ਦਾ ਵਿਸਤਾਰ ਕਰਦਿਆਂ 10 ਜ਼ੋਨਾਂ ਅਤੇ 35 ਜ਼ਿਲ੍ਹਿਆਂ ਲਈ ਯੂਥ ਵਿੰਗ ਅਤੇ ਮਹਿਲਾ ਵਿੰਗ ਇੰਚਾਰਜਾਂ ਦੀ ਨਿਯੁਕਤੀ ਕੀਤੀ ਹੈ।ਪੰਜਾਬ 'ਆਪ' ਪ੍ਰਧਾਨ ਅਮਨ ਅਰੋੜਾ ਨੇ ਸਾਰੇ ਨਵ-ਨਿਯੁਕਤ ਇੰਚਾਰਜਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਨਿਯੁਕਤੀਆਂ ਪੰਜਾਬ ਵਿੱਚ 'ਆਪ' ਦੇ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਕਰਨਗੀਆਂ ਅਤੇ ਪਾਰਟੀ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਮਜ਼ਬੂਤੀ ਨਾਲ ਤਿਆਰੀ ਕਰਨ ਵਿੱਚ ਮਦਦ ਕਰਨਗੀਆਂ, ਜਿੱਥੇ 'ਆਪ' ਨੂੰ ਇੱਕ ਹੋਰ ਰਿਕਾਰਡ ਤੋੜ ਬਹੁਮਤ ਜਿੱਤਣ ਦਾ ਵਿਸ਼ਵਾਸ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਨਵੀਂ ਐਲਾਨੀ ਗਈ ਮਹਿਲਾ ਟੀਮ ਵਿਭਿੰਨ ਵਿਦਿਅਕ ਯੋਗਤਾਵਾਂ ਅਤੇ ਪ੍ਰੇਰਨਾਦਾਇਕ ਪੇਸ਼ੇਵਰ ਪਿਛੋਕੜਾਂ ਦਾ ਇੱਕ ਸ਼ਾਨਦਾਰ ਮਿਸ਼ਰਣ ਪੇਸ਼ ਕਰਦੀ ਹੈ। ਇਸ ਟੀਮ ਵਿੱਚ 2 ਪੀਐਚਡੀ ਧਾਰਕ, 13 ਪੋਸਟ ਗ੍ਰੈਜੂਏਟ, ਅਤੇ 12 ਕਾਰੋਬਾਰੀ ਔਰਤਾਂ ਦੇ ਨਾਲ-ਨਾਲ ਅਧਿਆਪਕ, ਸਮਾਜ ਸੇਵਕ, ਉੱਦਮੀ ਅਤੇ ਘਰੇਲੂ ਔਰਤਾਂ ਵਰਗੇ ਵੱਖ-ਵੱਖ ਖੇਤਰਾਂ ਦੀਆਂ ਔਰਤਾਂ ਸ਼ਾਮਲ ਹਨ। ਇਹ ਵਿਭਿੰਨਤਾ 'ਆਪ' ਦੀ ਸਮਾਜ ਦੇ ਸਾਰੇ ਵਰਗਾਂ ਦੀਆਂ ਸਮਰੱਥ ਔਰਤਾਂ ਨੂੰ ਰਾਜਨੀਤੀ ਅਤੇ ਜਨਤਕ ਸੇਵਾ ਵਿੱਚ ਅਰਥਪੂਰਨ ਅਗਵਾਈ ਅਤੇ ਯੋਗਦਾਨ ਪਾਉਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਹੀ ਇੱਕੋ ਇੱਕ ਪਾਰਟੀ ਹੈ ਜੋ ਨੌਜਵਾਨਾਂ ਅਤੇ ਔਰਤਾਂ ਨੂੰ ਰਾਜਨੀਤੀ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੇ ਮੌਕੇ ਪ੍ਰਦਾਨ ਕਰਦੀ ਹੈ।

ਉਨ੍ਹਾਂ ਕਿਹਾ ਆਪ ਨੌਜਵਾਨਾਂ ਅਤੇ ਔਰਤਾਂ ਨੂੰ ਸਸ਼ਕਤ ਬਣਾਉਣ ਵਿੱਚ ਦ੍ਰਿੜ ਵਿਸ਼ਵਾਸ ਰੱਖਦੀ ਹੈ। ਇਹ ਨਿਯੁਕਤੀਆਂ ਸਾਡੇ ਸੰਗਠਨ ਵਿੱਚ ਨਵੀਂ ਊਰਜਾ ਅਤੇ ਜ਼ਮੀਨੀ ਪੱਧਰ 'ਤੇ ਬਿਹਤਰ ਜਨਤਕ ਸੰਪਰਕ ਨੂੰ ਯਕੀਨੀ ਬਣਾਉਣਗੀਆਂ।ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ, 'ਆਪ' ਪੰਜਾਬ ਦੇ ਲੋਕਾਂ ਨਾਲ ਕੀਤੇ ਆਪਣੇ ਸਾਰੇ ਵਾਅਦਿਆਂ ਨੂੰ ਪੂਰਾ ਕਰਨ ਲਈ ਪੂਰੀ ਲਗਨ ਨਾਲ ਕੰਮ ਕਰ ਰਹੀ ਹੈ ਅਤੇ ਪਾਰਟੀ ਦਾ ਸੰਗਠਨਾਤਮਕ ਵਿਸਥਾਰ ਸਮਾਵੇਸ਼ੀ ਰਾਜਨੀਤੀ ਅਤੇ ਜ਼ਮੀਨੀ ਪੱਧਰ 'ਤੇ ਮਜ਼ਬੂਤੀ ਪ੍ਰਤੀ ਉਸਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਪੀਰ ਸ਼ਾਹੂ ਸ਼ਾਹ ਦੀ ਯਾਦ 'ਚ ਚੋਹਲਾ ਸਾਹਿਬ ਵਿਖੇ ਸੱਭਿਆਚਾਰਕ ਮੇਲਾ 17 ਨੂੰ ਪ੍ਰਸਿੱਧ ਪੰਜਾਬੀ ਗਾਇਕ ਕਰਨਗੇ ਆਪਣੇ ਫ਼ਨ ਦਾ ਮੁਜ਼ਾਹਰਾ



**ਤਰਨ ਤਾਰਨ ਰਕੇਸ਼ ਨਈਅਰ**

ਪੀਰ ਬਾਬਾ ਸ਼ਾਹੂ ਸ਼ਾਹ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਭਿਆਚਾਰਕ ਮੇਲਾ,ਪ੍ਰਬੰਧਕ ਕਮੇਟੀ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੱਸ ਅੱਡਾ ਚੋਹਲਾ ਸਾਹਿਬ ਵਿਖੇ 17 ਜੁਲਾਈ ਦਿਨ ਵੀਰਵਾਰ ਨੂੰ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਿਸ਼ਾਨ ਸਾਹਿਬ ਭਿੱਖੀਕੇ ਅਤੇ ਰਿਟਾਇਰਡ ਸਬ-ਇੰਸਪੈਕਟਰ ਮਨਮੋਹਨ ਸਿੰਘ ਪੱਪੂ ਪਹਿਲਵਾਨ ਨੇ ਦੱਸਿਆ ਕਿ ਇਸ ਦਿਨ ਸਵੇਰੇ ਸਰਕਾਰ ਸੱਤੇ ਸ਼ਾਹ ਜੀ ਕਾਦਰੀ ਮੰਨਣਾ ਵਾਲੇ ਪੀਰ ਦੀ ਦਰਗਾਹ ਉੱਪਰ ਚਾਦਰ ਚੜਾਉਣ ਦੀ ਰਸਮ ਆਪਣੇ ਕਰ ਕਮਲਾਂ ਨਾਲ ਨਿਭਾਉਣਗੇ।

ਉਪਰੰਤ ਬੱਸ ਅੱਡੇ ਦੇ ਖੁੱਲ੍ਹੇ ਪੰਡਾਲ ਵਿੱਚ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ।ਜਿਸ ਵਿੱਚ ਪੰਜਾਬ ਦੀ ਪ੍ਰਸਿੱਧ ਦੋਗਾਣਾ ਗਾਇਕ ਜੋੜੀ ਸ਼ਾਹੀ ਕੁਲਵਿੰਦਰ ਅਤੇ ਬੀਬਾ ਕੌਰ ਸੁਖਵੰਤ ਤੋਂ ਇਲਾਵਾ ਗੁਰਮੀਤ ਪੰਜਾਬੀ ਅਤੇ ਬੀਬਾ ਹੁਸਨਦੀਪ,ਰਜਿੰਦਰ ਹੰਸ,ਲੱਕੀ ਚੋਹਲਾ ਆਦਿ ਆਪਣੇ ਫ਼ਨ ਦਾ ਮੁਜਾਹਰਾ ਕਰਨਗੇ।ਇਸ ਤੋਂ ਇਲਾਵਾ ਸ਼ਾਮ ਨੂੰ ਗੁਰੂ ਅਰਜਨ ਦੇਵ ਖੇਡ ਸਟੇਡੀਅਮ ਵਿਖੇ ਫਤਿਆਬਾਦ ਅਤੇ ਚੋਹਲਾ ਸਾਹਿਬ ਦੀਆਂ ਟੀਮਾਂ ਦਰਮਿਆਨ ਕਬੱਡੀ ਦਾ ਸ਼ੋਅ ਮੈਚ ਵੀ ਕਰਵਾਇਆ ਜਾਵੇਗਾ।ਇਸ ਸਾਰੇ ਪ੍ਰੋਗਰਾਮ ਦੌਰਾਨ ਵੱਖ ਵੱਖ ਲੰਗਰਾਂ ਦਾ ਅਤੁੱਟ ਭੰਡਾਰ ਵੀ ਵਰਤਾਇਆ ਜਾਵੇਗਾ।ਇਸ ਮੌਕੇ ਉਨ੍ਹਾਂ ਨਾਲ ਬਲਵਿੰਦਰ ਸਿੰਘ ਸ਼ਿਮਲਾ ਮੈਂਬਰ ਪੰਚਾਇਤ,ਰਜਿੰਦਰ ਹੰਸ,ਵਿਰਸਾ ਸਿੰਘ ਪ੍ਰਧਾਨ,ਜਗਜੀਤ ਸਿੰਘ ਗੋਲਡੀ,ਦਿਲਬਾਗ ਸਿੰਘ,ਪਰਮਿੰਦਰ ਸਿੰਘ ਵਿੱਕੀ,ਸ਼ਿੰਦਾ ਸ਼ਾਹ ਆਦਿ ਹਾਜ਼ਰ ਸਨ।

# ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ ਹਵੇਲੀ ਦੇ ਨਵੀਨੀਕਰਨ ਦਾ ਕੰਮ ਹੋਇਆ ਸ਼ੁਰੂ



**ਬਰਨਾਲਾ ਅਸ਼ੋਕ ਪੁਰੀ**

ਸ਼ਹੀਦ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਦੀ ਪੁਰਾਤਣ ਯਾਦਗਾਰੀ ਹਵੇਲੀ ਦੀ ਸਾਂਭ ਸੰਭਾਲ ਅਤੇ ਨਵੀਨੀਕਰਣ ਦਾ ਕਾਰਜ ਪੰਜਾਬ ਸਰਕਾਰ ਵਲੋਂ ਸ਼ੁਰੂ ਕਰਵਾਇਆ ਗਿਆ ਹੈ। ਇਸ ਕਾਰਜ ਲਈ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਵਲੋਂ ਆਪਣੇ ਕੀਤੇ ਐਲਾਨ ਅਨੁਸਾਰ ਆਪਣੇ ਕੋਟੇ ਵਿੱਚੋਂ 20 ਲੱਖ ਰੁਪਏ ਪਿੰਡ ਠੀਕਰੀਵਾਲਾ ਦੀ ਪੰਚਾਇਤ ਨੂੰ ਜਾਰੀ ਕੀਤੇ ਗਏ ਸਨ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਾਰਜ ਦੀ ਨੀਂਹ ਰੱਖੀ।ਇਸ ਮੌਕੇ ਵਿਧਾਇਕ ਪੰਡੋਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਭਾਵੇਂ ਪਿੰਡਾਂ ਲਈ ਕੁਝ ਗਰਾਂਟਾਂ ਦਿੱਤੀਆਂ, ਪਰ ਕਦੇ ਵੀ ਸ਼ਹੀਦ ਸੇਵਾ ਸਿੰਘ ਦੀ ਲੰਮੇ ਸਮੇਂ ਤੋਂ ਖੰਡਰ ਪਈ ਹਵੇਲੀ ਦੇ ਨਵੇਂ ਸਿਰੇ ਨਿਰਮਾਣ ਲਈ ਕੋਈ ਫੰਡ ਜਾਰੀ ਨਹੀਂ ਕੀਤਾ। ਉਹਨਾਂ ਇਹ ਭਰੋਸਾ ਵੀ ਦਿੱਤਾ ਕਿ ਹਵੇਲੀ ਦੇ ਨਿਰਮਾਣ 'ਤੇ ਹੋਰ ਜਿੰਨਾ ਵੀ ਖਰਚ ਹੋਵੇਗਾ, ਉਹ ਸਾਰਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਪਿੰਡ ਠੀਕਰੀਵਾਲਾ ਦੇ ਮੌਜੂਦਾ ਸਰਪੰਚ ਕਿਰਨਜੀਤ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਸੀਰ ਸਿੰਘ ਔਲਖ, ਸਕੱਤਰ ਹਰਪਾਲ ਸਿੰਘ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਅਤੇ ਪਾਰਟੀ ਵਲੰਟੀਅਰਾਂ ਨੇ ਹਲਕਾ ਵਿਧਾਇਕ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਮਾਰਕੀਟ ਕਮੇਟੀ ਮਹਿਲ ਕਲਾਂ ਦੇ ਚੇਅਰਮੈਨ ਸਰਪੰਚ ਸੁਖਵਿੰਦਰਦਾਸ ਬਾਵਾ ਕੁਰੜ, ਪੀਏ ਬਿੰਦਰ ਸਿੰਘ ਖਾਲਸਾ, ਪੰਚ ਗੁਰਜੰਟ ਸਿੰਘ, ਪੰਚ ਮਨਪ੍ਰੀਤ ਸਿੰਘ, ਪੰਚ ਬਲਜੀਤ ਸਿੰਘ ਗੋਰਾ, ਪੰਚ ਹਰਮੇਸ਼ ਸਿੰਘ, ਪੰਚ ਰਾਮਪਾਲ ਸਿੰਘ, ਪੰਚ ਹਰਦੇਵ ਸਿੰਘ, ਪੰਚ ਸੁਖਚੈਨ ਸਿੰਘ, ਸਾਬਕਾ ਪੰਚ ਅਮਨਦੀਪ ਸਿੰਘ, ਪੰਚ ਗੁਰਚਰਨ ਸਿੰਘ ਕਮੇਟੀ ਮੈਂਬਰ ਨਿਰਪਾਲ ਸਿੰਘ, ਮੰਦਰ ਸਿੰਘ, ਸੁਰਜੀਤ ਸਿੰਘ ਜਗਰੂਪ ਸਿੰਘ ਕਾਕਾ, ਦਰਸ਼ਨ ਸਿੰਘ ਸੰਦੀਪ ਸਿੰਘ ਭੁੱਲਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜਰ ਸਨ।

## ਦੁਲਹਨ ਦੀ ਲੋੜ

28-year-old Hindu vegetarian male, 5'8 tall, US citizen working as a pharmacist, is seeking a Hindu vegetarian girl for marriage. He is simple and family-oriented. Horoscope matching is important to the family. Interested please call at (209)535-7978.

28 ਸਾਲਾ ਹਿੰਦੂ ਸ਼ਾਕਾਹਾਰੀ ਲੜਕੇ, ਕੱਦ 5'8", ਅਮਰੀਕੀ ਨਾਗਰਿਕ ਜੋ ਫਾਰਮਾਸਿਸਟ ਵਜੋਂ ਕੰਮ ਕਰਦਾ ਹੈ, ਲਈ ਹਿੰਦੂ ਸ਼ਾਕਾਹਾਰੀ ਲੜਕੀ ਦੀ ਜ਼ਰੂਰਤ ਹੈ। ਕੁੰਡਲੀ ਦਾ ਮੇਲ ਪਰਿਵਾਰ ਲਈ ਮਹੱਤਵਪੂਰਨ ਹੈ। ਦਿਲਚਸਪੀ ਰੱਖਣ ਵਾਲੇ ਕਿਰਪਾ ਕਰਕੇ (209)535-7978 'ਤੇ ਕਾਲ ਕਰ ਸਕਦੇ ਹਨ।




RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


Punjabi Cultural Society of Tracy
18th Annual Tracy Teeyan
Sunday August 3, 2025
Ladies Only
I.P.F.E.S. Portuguese Hall of Tracy, 400 W 9th St. Tracy, CA
With
Miss Pooja
ਵੇ ਮੈਂ ਪਰੀਆਂ ਤੋਂ ਵੱਧ ਸੋਹਣੀ
Hosted by
Asha Sharma
Our Valuable
Sponsors
PLATINUM
SAHI REALTY
CATERING
TRACY LIQUOR
LATHROP LIQUOR
GOLD
Chevron
Dentistry
ROAD KING
TRUCK LINES
ADVANCED
Trucking
SANSAR
SILVER
LODI
RAUNAK BAZAR
Thank You For
Your Sponsorship
LEHERIYA
DESIGNS
MEDIA PARTNER
SANJHI SOCH
FOR SPONSORSHIP AND PARTICIPATION
PLEASE CONTACT
Tajinder Muhar (209) 640-9521
TICKET
$10.00 AFTER 3 PM | $25 KIDS UNDER 5 YEAR FREE
ਇਸ ਵਾਰ ਪਹਿਲਾਂ ਹੀ ਸਾਰੇ Vendors Book ਹਨ


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਕੌਮਾਂਤਰੀ ਪੰਜਾਬੀ ਕਾਫ਼ਲਾ ਇਟਲੀ ਇੱਕ ਨਵੀਂ ਸ਼ੁਰੂਆਤ

ਮਿਲਾਨ (ਇਟਲੀ)
ਸਰਬਜੀਤ ਸਿੰਘ ਜਰਮਨੀ

ਪੰਜਾਬੀ ਮਾਂ ਬੋਲੀ ਦੀਆਂ ਵਿਰਾਸਤੀ ਬਾਤਾਂ ਪਾਉਣ ਵਾਲੇ ਉੱਘੇ ਸਾਹਿਤਕਾਰ/ਨਾਵਲਕਾਰ ਬਿੰਦਰ ਕੋਲੀਆਂ ਵਾਲ ਵਲੋਂ ਪੰਜਾਬੀ ਮਾਂ ਬੋਲੀ ਦੇ ਹੋਰ ਪ੍ਰਸਾਰ ਲਈ "ਕੌਮਾਂਤਰੀ ਪੰਜਾਬੀ ਕਾਫ਼ਲਾ,ਇਟਲੀ" ਨਾਮ ਦੇ ਇੱਕ ਅਦਾਰੇ ਦੀ ਸ਼ੁਰੂਆਤ ਕੀਤੀ ਗਈ ਹੈ। ਕੌਮਾਂਤਰੀ ਪੰਜਾਬੀ ਕਾਫ਼ਲਾ,ਇਟਲੀ ਦਾ ਪਹਿਲਾ ਕਵੀ ਦਰਬਾਰ ਮਿਤੀ 13/07/25 ਨੂੰ ਕਰਵਾਇਆ ਗਿਆ ਸੀ ਜਿਸ ਵਿੱਚ ਦੁਨੀਆਂ ਭਰ ਦੇ ਵੱਖ ਵੱਖ ਦੇਸ਼ਾਂ ਤੋਂ 19 ਕਵੀ ਅਤੇ ਕਵਿੱਤਰੀਆਂ ਨੇ ਮਾਂ ਬੋਲੀ ਨੂੰ ਸਮਰਪਿਤ ਕਵਿਤਾਵਾਂ ਤੇ ਗੀਤ ਗਾਏ। ਸਾਰੇ ਕਵੀ ਕਵਿੱਤਰੀਆਂ ਨੇ ਇੱਕ ਤੋਂ ਇੱਕ ਵੱਖਰੇ ਰੰਗ ਪੇਸ਼ ਕੀਤੇ। ਜਿਹਨਾਂ ਵਿੱਚ ਖਾਸ ਵਿਸ਼ੇ ਮਾਂ ਬੋਲੀ ਪੰਜਾਬੀ ਦੀ ਉਪਮਾ, ਸਾਂਝੇ ਪੰਜਾਬ ਦੀਆਂ ਦੋ ਲਿੱਪੀਆਂ, ਵਾਤਾਵਰਨ ਬਚਾਉਣ ਦਾ ਰੁਝਾਨ, ਰੁੱਖ ਲਗਾਉਣ ਦੀ ਗੱਲ, ਬਾਬੇ ਨਾਨਕ ਦਾ ਨਨਕਾਣਾ ਸਾਹਿਬ ਵਿੱਚ ਆਗਮਨ, ਸੌਣ ਮਹੀਨੇ ਮਾਂ ਤੋਂ ਬਿਨਾ ਧੀ ਦਾ ਘਰ ਆ ਕੇ ਮੁੜ ਜਾਣਾ, ਪੁੱਤ ਵੱਲੋਂ ਆਪਣੇ ਬਾਪੂ ਦੀ ਮਿਹਨਤ ਨੂੰ ਸਲਾਮ, ਗਿਆਨ ਦਾ ਦੀਵਾ ਜਗਾਉਣ ਦੀ ਗੱਲ, ਮਾਂ ਨੂੰ ਇੱਕ ਧੀ ਦੀ ਪੁਕਾਰ ਆਦਿ ਵਿਸੇ ਸ਼ਾਮਲ ਸਨ।

ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਦੇ ਪਲੇਠੇ ਕਵੀ ਦਰਬਾਰ ਦੇ ਆਰੰਭ ਵਿੱਚ ਬਿੰਦਰ ਕੋਲੀਆਂ ਵਾਲ ਜੀ ਨੇ ਹਾਜ਼ਰੀ ਭਰ ਰਹੇ ਸਾਰੇ ਕਵੀ-ਕਵਿੱਤਰੀਆਂ ਨੂੰ ਜੀ ਆਇਆਂ ਆਖਦੇ ਹੋਏ ਉਸ ਅਕਾਲ ਪੁਰਖ ਪਰਮਾਤਮਾ ਦੇ ਚਰਨਾਂ ਵਿੱਚ ਬੇਨਤੀ ਕੀਤੀ ਤੇ ਕਿਹਾ। "ਹੱਦਾਂ ਸਰਹੱਦਾਂ ਨੂੰ ਤੋੜਦਿਆਂ ਮਿੱਟਣ ਲੱਗਾ ਏ ਫਾਸਲਾ, ਇਸੇ ਤਰ੍ਹਾਂ ਸਲਾਮਤ ਰੱਖੀ ਮਾਲਕਾ ਸਾਡਾ ਕੌਮਾਂਤਰੀ ਪੰਜਾਬੀ ਕਾਫ਼ਲਾ, ਸਾਡਾ ਕੌਮਾਂਤਰੀ ਪੰਜਾਬੀ ਕਾਫ਼ਲਾ"। ਸਿਆਣੇ ਕਹਿੰਦੇ ਹਨ ਜਿਸ ਕਾਰਜ ਦੀ ਸ਼ੁਰੂਆਤ ਉਸ ਅਕਾਲ ਪੁਰਖ ਪਰਮਾਤਮਾ ਨੂੰ ਯਾਦ ਕਰਕੇ ਕੀਤੀ ਜਾਵੇ ਉਹ ਕਾਰਜ ਆਪਣੀ ਹਰ ਬੁਲੰਦੀ ਤੈਅ ਕਰ ਸਕਦਾ ਹੈ। ਮੰਚ ਸੰਚਾਲਨ ਦੀ ਸ਼ੁਰੂਆਤ ਪੰਜਾਬੀ ਮਾਂ ਬੋਲੀ ਦੇ ਮਹਾਨ ਸਪੁੱਤਰ, ਪੱਤਰਕਾਰ, ਸਾਹਿਤਕਾਰ ਸਰਦਾਰ ਮੁਖਤਾਰ ਸਿੰਘ ਚੰਦੀ ਜੀ ਨੇ ਆਪਣੀ ਦਮਦਾਰ ਸ਼ਾਇਰੀ ਨਾਲ ਸਭ ਦਾ ਮਨ ਮੋਹ ਲਿਆ। ਇਸ ਪਲੇਠੇ ਕਵੀ ਦਰਬਾਰ ਵਿੱਚ ਸਭ ਤੋਂ ਪਹਿਲਾ ਸੱਦਾ ਕਵੀ ਗੁਰਚਰਨ ਸਿੰਘ ਜੋਗੀ ਜੀ ਨੂੰ ਦਿੱਤਾ ਗਿਆ ਜਿਹਨਾਂ ਨੇ ਆਪਣੀ ਗ਼ਜ਼ਲ ਦੇ ਸ਼ੇਅਰ "ਤੇਰੇ ਮੁਸਕਾਨ ਵਿਚਲੇ ਦਰਦ ਨੂੰ ਪਹਿਚਾਣਦਾ ਹਾਂ, ਤੇਰੇ ਬਾਰੇ ਮੈਂ ਤੇਰੇ ਤੋਂ ਵੀ ਬੇਹਤਰ ਜਾਣਦਾ ਹਾਂ" ਨਾਲ ਵਾਹ ਕਮਾਲ ਪੇਸ਼ਕਾਰੀ ਕੀਤੀ। ਦੂਜਾ ਸੱਦਾ ਕਨੇਡਾ ਵਾਸੀ ਸ਼ਾਇਰਾ ਹਰਸ਼ਰਨ ਕੌਰ ਜੀ ਨੂੰ ਦਿੱਤਾ ਗਿਆ ਜਿਹਨਾਂ ਨੇ ਆਪਣੀ ਖੁੱਲ੍ਹੀ ਕਵਿਤਾ ਨਾਲ ਸਭ ਦਾ ਮਨ ਮੋਹ ਲਿਆ।

ਤੀਸਰਾ ਸੱਦਾ ਇਟਲੀ ਵਸਦੇ ਗੀਤਕਾਰ ਗੁਰਮੀਤ ਸਿੰਘ ਮੱਲ੍ਹੀ ਜੀ ਨੂੰ ਦਿੱਤਾ ਗਿਆ ਜਿਹਨਾਂ ਨੇ ਬਹੁਤ ਹੀ ਖ਼ੂਬਸੂਰਤ ਗੀਤ "ਮੈਂ ਕਿੰਝ ਕਹਾਂ ਮੇਰੇ ਬਾਪੂ ਨੇ, ਮੇਰੇ ਲਈ ਕੁੱਝ ਵੀ ਕੀਤਾ ਨਹੀਂ " ਸੁਰੀਲੀ ਤੇ ਭਾਵੁਕ ਅਵਾਜ਼ ਵਿੱਚ ਗਾ ਕੇ ਮਹਿਫ਼ਲ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਾਨੂੰ ਕਦੇ ਵੀ ਆਪਣੇ ਬਾਪੂ ਦੀ ਕੀਤੀ ਮਿਹਨਤ ਨੂੰ ਭੁੱਲਣਾ ਨੀ ਚਾਹੀਦਾ।

ਚੌਥਾ ਸੱਦਾ ਬੀਬੀ ਸਰਬਜੀਤ ਸਿੰਘ ਜਰਮਨੀ ਨੂੰ ਦਿੱਤਾ ਗਿਆ ਜਿਹਨਾਂ ਨੇ ਧਾਰਮਿਕ ਕਵਿਤਾ "ਜਦ ਵਿੱਚ ਨਨਕਾਣੇ ਦੇ ਸਾਡਾ ਬਾਬਾ ਨਾਨਕ ਆਇਆ" ਗਾ ਕੇ ਆਪਣੀ ਹਾਜ਼ਰੀ ਲਗਵਾਈ ਅਤੇ ਧੰਨ ਧੰਨ ਗੁਰੂ ਨਾਨਕ ਦੇਵ ਜੀ ਦਾ ਜੱਸ ਗਾਇਆ। ਪੰਜਵਾਂ ਸੱਦੇ ਤੇ ਅੰਜੂ ਅਮਨਦੀਪ ਗਰੋਵਰ ਜੀ ਨੇ "ਫਿਰ ਰੁੱਸੇ ਨੂੰ ਮਨਾਉਂਦੀਆਂ ਪਿਆਰ ਦੀਆਂ ਗੱਲਾਂ" ਗੀਤ ਗਾ ਕੇ ਸਭ ਦਾ ਧਿਆਨ ਆਪਣੇ ਸੁਰੀਲੇ ਗੀਤ ਵੱਲ ਖਿੱਚ ਲਿਆ। ਉਸ ਉਪਰੰਤ ਪਟਿਆਲਾ ਨਿਵਾਸੀ ਗਾਇਕ ਮੰਗਤ ਖਾਨ ਜੀ ਨੇ ਆਪਣੇ ਗੀਤ ਵਿੱਚ ਸੌਣ ਮਹੀਨੇ ਦਾ ਇੱਕ ਵੱਖਰਾ ਰੰਗ ਪੇਸ਼ ਕਰਦੇ ਹੋਏ "ਮਾਂਵਾਂ ਬਿਨ ਘਰ ਆ ਕੇ ਧੀਆਂ ਮੁੜ ਚੱਲੀਆਂ" ਵਿੱਚ ਧੀਆਂ ਦਾ ਦਰਦ ਬਹੁਤ ਭਾਵੁਕ ਅਵਾਜ਼ ਨਾਲ ਬਿਆਨ ਕਰਦਿਆਂ ਗਾਇਆ।

ਅਮਰੀਕਾ ਵਾਸੀ ਕਵਿੱਤਰੀ ਪੋਲੀ ਬਰਾੜ ਜੀ ਨੇ ਵਾਤਾਵਰਨ ਨੂੰ ਸਮਰਪਿਤ ਕਵਿਤਾ "ਕੁਦਰਤ ਦੇ ਰੰਗ ਨਿਆਰੇ" ਗਾ ਕੇ ਸਭ ਦਾ ਧਿਆਨ ਵਾਤਾਵਰਨ ਬਚਾਓ ਵੱਲ ਖਿੱਚਿਆ। ਪੰਜਾਬ ਤੋਂ ਸ਼ਾਇਰ ਮੋਹਨ ਸਿੰਘ ਮੋਤੀ ਜੀ ਨੇ ਜੀਵਨ ਵਿੱਚ ਰੁੱਖਾਂ ਦੀ ਮਹੱਤਤਾ ਬਿਆਨ ਕਰਦਿਆਂ ਤੇ ਸਭ ਨੂੰ ਰੁੱਖ ਲਾਉਣ ਦਾ ਸੁਨੇਹਾ ਦਿੰਦਿਆਂ ਬਹੁਤ ਪਿਆਰੀ ਕਵਿਤਾ "ਤੂੰ ਇੱਕ ਰੁੱਖ ਲਾਵੀਂ ਲਿਖਕੇ ਮੇਰਾ ਨਾਂ" ਗਾ ਕੇ ਸਭ ਦਾ ਦਿਲ ਜਿੱਤ ਲਿਆ। ਉਸ ਤੋਂ ਅਗਲੇ ਸੱਦੇ ਤੇ ਪੰਜਾਬ ਤੋਂ ਕਵਿੱਤਰੀ ਅੰਮ੍ਰਿਤਪਾਲ ਕੌਰ ਕਲੇਰ ਨੇ ਆਪਣੇ ਗੀਤ "ਅਸੀਂ ਕੰਮੀਆਂ ਦੇ ਪੁੱਤ" ਗਾ ਕੇ ਮਿਹਨਤੀ ਅਤੇ ਮਜ਼ਦੂਰ ਲੋਕਾਂ ਦਾ ਦਰਦ ਭਲੀ ਭਾਂਤ ਬਿਆਨ ਕੀਤਾ।

ਉਸ ਤੋਂ ਅਗਲਾ ਸੱਦਾ ਨਿੱਕੀ ਬਰੇਸ ਚ ਵੱਡੀਆਂ ਮੱਲਾਂ ਮਾਰਨ ਵਾਲੇ ਅਮਨਬੀਰ ਸਿੰਘ ਧਾਮੀ, ਸਾਊਥ ਕੋਰੀਆ ਨੂੰ ਦਿੱਤਾ ਗਿਆ ਜਿਹਨਾਂ ਨੇ "ਨਾ ਰੁੱਕੇ ਨਾ ਰੁੱਕਣੇ ਕਾਫ਼ਲੇ ਜੋ ਤੁਰ ਪਏ ਇੱਕ ਵਾਰ ਨੇ" ਗਾ ਕੇ ਸਾਰੀ ਮਹਿਫ਼ਲ ਵਿੱਚ ਆਪਣੀ ਬੱਲੇ ਬੱਲੇ ਕਰਵਾਈ। ਉਸ ਤੋਂ ਅਗਲੇ ਸੱਦੇ ਤੇ ਇਟਲੀ ਵੱਸਦੇ ਕਲਾਕਾਰ ਤੇ ਗੀਤਕਾਰ ਰਾਣਾ ਅਠੌਲਾ ਜੀ ਨੇ ਦੋਹਾਂ ਲਿੱਪੀਆਂ ਦੀ ਗੱਲ ਕਰਦਿਆਂ "ਜਿਹਦੇ ਕੋਲ ਦੋ ਲਿੱਪੀਆਂ ਦੇ ਦੋ ਰੂਪ ਨੇ ਸਾਡੀ ਹੈ ਮਾਂ ਬੋਲੀ ਓਹ ਪੰਜਾਬੀ ਜੱਗ ਤੇ" ਬਹੁਤ ਹੀ ਸੁਰੀਲੀ ਅਵਾਜ਼ ਵਿੱਚ ਗਾਇਆ ਤੇ ਸਭ ਨੂੰ ਆਪਣੀ ਅਮੀਰ ਪੰਜਾਬੀ ਮਾਂ ਬੋਲੀ ਦਾ ਅਹਿਸਾਸ ਕਰਵਾਈਆ।

ਉਸ ਤੋਂ ਅਗਲੇ ਸੱਦੇ ਤੇ ਇਟਲੀ ਨਿਵਾਸੀ ਜਸਵਿੰਦਰ ਕੌਰ ਮਿੰਟੂ ਜੀ ਨੇ "ਮਾਂ ਬੋਲੀ ਦੇ ਵਾਰਸੋਂ ਮੇਰੀ ਸੁਣ ਲਓ ਪੁਕਾਰ" ਗਾ ਕੇ ਹਾਜ਼ਰੀ ਭਰੀ ਤੇ ਮਾਂ ਬੋਲੀ ਪੰਜਾਬੀ ਤੋਂ ਮੁੱਖ ਮੋੜਨ ਵਾਲਿਆ ਨੂੰ ਫਿਟਕਾਰਾਂ ਵੀ ਪਾਈਆਂ।

ਆਪਣੇ ਰੁਝੇਵਿਆਂ ਵਿੱਚੋਂ ਕੁੱਝ ਸਮਾਂ ਕੱਢ ਕੇ ਤੇ ਚੱਲਦੀ ਗੱਡੀ ਵਿੱਚ ਹਾਜ਼ਰੀ ਭਰਦਿਆਂ ਡਾ.ਸੁਰਜੀਤ ਕੌਰ ਭੋਗਪੁਰ ਨੇ ਵਾਤਾਵਰਣ ਨੂੰ ਸਮਪਰਿਤ ਕਵਿਤਾ ਗਾਈ ਜਿਸ ਦੇ ਬੋਲ ਵਾਹ ਕਮਾਲ ਸਨ, "ਲੋਕੀਂ ਕਹਿੰਦੇ ਸਾਹ ਰੁਕਦੇ ਨੇ, ਗੌਰ ਨਾਲ ਦੇਖੋ ਰੁੱਖ ਮੁੱਕ ਦੇ ਨੇ"। ਗੀਤਕਾਰ ਤੇ ਕਲਾਕਾਰ ਮਹਿੰਦਰ ਸਿੰਘ ਝੱਮਟ ਜੀ ਨੇ ਆਪਣਾ ਗੀਤ ਤਰੰਨਮ ਵਿੱਚ ਗਾਇਆ ਤੇ ਵਾਹ ਵਾਹ ਖੱਟੀ, ਗੀਤ ਦੇ ਬੋਲ ਸਨ "ਨੀ ਤੇਰੇ ਇਸ਼ਕ ਹੁਸਨ ਦੇ ਚਰਚੇ ਚਾਰ ਚੁਫੇਰੇ"। ਬੰਬੇ ਤੋਂ ਕਵਿਸ਼ਰ ਸਰਦਾਰ ਪਰਵਿੰਦਰ ਸਿੰਘ ਹੇਅਰ ਜੀ ਨੇ ਮਾਲਕ ਅੱਗੇ ਅਰਦਾਸ ਜੋਦੜੀ ਕਰਦਿਆਂ ਕਵਿਤਾ ਗਾਈ ਜਿਸ ਦੇ ਮਹਾਨ ਬੋਲ ਸਨ,

"ਅਰਜ਼ ਗੁਜਾਰਾਂ ਮੈਂ ਦੁਆਰ ਤੇਰੇ ਦਾਤਿਆ,
ਸੁਖੀ ਵਸੇ ਸਾਰਾ ਸੰਸਾਰ ਮੇਰੇ ਦਾਤਿਆ"।

ਅਗਲੇ ਸੱਦੇ ਤੇ ਸੁਖਵਿੰਦਰ ਸਿੰਘ ਨੇ "ਦੁਸ਼ਮਣ ਨੂੰ ਅਸੀਂ ਯਾਰ ਬਣਾ ਕੇ ਬੈਠੇ ਹਾਂ, ਚੋਰਾਂ ਨੂੰ ਚੌਕੀਦਾਰ ਬਣਾ ਕੇ ਬੈਠੇ ਹਾਂ" ਲੋਕ ਤੱਥ ਗੀਤ ਗਾ ਕੇ ਸਭ ਦਾ ਮਨ ਮੋਹ ਲਿਆ।

ਕਵੀ ਦਰਬਾਰ ਦੇ ਆਖਰੀ ਪੜਾਅ ਵੱਲ ਵਧਦੇ ਹੋਏ ਪੰਜਾਬੀ ਕੌਮਾਂਤਰੀ ਕਾਫ਼ਲਾ ਦੇ ਪ੍ਰਧਾਨ ਬਿੰਦਰ ਕੋਲੀਆਂ ਵਾਲ ਜੀ ਨੇ ਬਹੁਤ ਭਾਵੁਕ ਅਤੇ ਮਾਂ ਨੂੰ ਸਮਰਪਿਤ ਗੀਤ "ਮਾਏਂ ਨੀ ਸੁਣ ਮੇਰੀਏ ਮਾਏਂ, ਮੇਰੇ ਦਰਦ ਲੰਬੇਰੇ" ਨਾਲ ਸਭ ਦਾ ਮਨ ਮੋਹਿਆ ਤੇ ਸਭ ਨੂੰ ਭਾਵੁਕ ਕਰ ਦਿੱਤਾ। ਪ੍ਰੋਗਰਾਮ ਦੇ ਅਖੀਰ ਵਿੱਚ ਮੰਚ ਸੰਚਾਲਨ ਦੇ ਨਾਲ ਨਾਲ ਕਵੀ ਰੂਪ ਵਿੱਚ ਆਪਣੀ ਹਾਜ਼ਰੀ ਲਗਾਉਂਦਿਆਂ ਆਪਣੇ ਸੂਫ਼ੀਆਨਾ ਅੰਦਾਜ਼ ਵਿੱਚ ਮੁਖਤਾਰ ਸਿੰਘ ਚੰਦੀ ਜੀ ਨੇ "ਜਗਾ ਲੈ ਗਿਆਨ ਦਾ ਦੀਵਾ ਹਨੇਰਾ ਦੂਰ ਕਰਨਾ ਜੇ" ਗਾ ਕੇ ਕਵੀ ਦਰਬਾਰ ਨੂੰ ਸਿਖਰ ਤੇ ਪਹੁੰਚਾ ਦਿੱਤਾ। ਇੰਗਲੈਂਡ ਵੱਸਦੇ ਕਵੀ ਨਛੱਤਰ ਭੋਗਲ ਭਾਖੜੀਆਣਾ ਜੀ ਹਾਜ਼ਰ ਸਨ ਪਰ ਕਿਸੇ ਜ਼ਰੂਰੀ ਰੁਝੇਵੇਂ ਕਰਕੇ ਉਹਨਾਂ ਨੂੰ ਬਿਨਾ ਹਾਜ਼ਰੀ ਲਗਵਾਏ ਕਵੀ ਦਰਬਾਰ ਛੱਡ ਕੇ ਜਾਣਾ ਪਿਆ। ਆਸ ਹੈ ਭੋਗਲ ਸਾਹਿਬ ਅਗਲੇ ਕਵੀ ਦਰਬਾਰ ਵਿੱਚ ਸਭ ਤੋਂ ਪਹਿਲਾਂ ਤੇ ਦੋਹਰੀ ਹਾਜ਼ਰੀ ਜ਼ਰੂਰ ਭਰਨਗੇ।

ਜੇਕਰ ਆਪ ਜੀ ਸਾਡੇ ਮਹਾਨ ਕਵੀ ਦਰਬਾਰ ਦਾ ਅਨੰਦ ਮਾਨਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਯੂ ਟਿਊਬ ਚੈਨਲ ਬਿੰਦਰ ਕੋਲੀਆਂ ਵਾਲ ਅਤੇ ਫੈਸਬੁੱਕ ਪੇਜ "ਕੌਮਾਂਤਰੀ ਪੰਜਾਬੀ ਕਾਫਲਾ" ਅਤੇ "ਜਦ ਆਏ ਹਾਂ ਤੁਰ ਜਾਣਾ, ਫਿਰ ਗ਼ਮ ਕਿਉਂ" ਦੇ ਨਾਂ ਨਾਲ ਲੱਭ ਕੇ ਸੁਣ ਸਕਦੇ ਹੋ। ਜੇਕਰ ਆਪ ਜੀ ਵੀ ਕੁਝ ਲਿਖਣ ਤੇ ਗਾਉਣ ਦਾ ਸ਼ੌਂਕ ਰੱਖਦੇ ਹੋ ਤਾਂ ਸਾਡੇ ਕਾਫ਼ਲੇ ਦਾ ਹਿੱਸਾ ਬਣ ਸਕਦੇ ਹੋ ਜੀ।

ਵਾਹਿਗੁਰੂ ਮਿਹਰ ਕਰੇ ਇਹ ਕਾਫ਼ਲਾ ਵਿਸ਼ਾਲ ਤੇ ਮਜ਼ਬੂਤ ਹੁੰਦਾ ਜਾਏ।

# ਅਮਨ ਅਰੋੜਾ ਨੇ ਬੇਅਦਬੀ ਮਾਮਲਿਆਂ 'ਚ ਪਿਛਲੀਆਂ ਸਰਕਾਰਾਂ ਦਾ ਦੋਹਰਾ ਚਿਹਰਾ ਕੀਤਾ ਬੇਨਕਾਬ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਵਿਰੁੱਧ ਅਪਰਾਧ ਰੋਕਥਾਮ ਬਿੱਲ, 2025 ਲਿਆ ਕੇ ਧਾਰਮਿਕ ਭਾਵਨਾਵਾਂ ਦੀ ਰਾਖੀ ਲਈ ਇੱਕ ਇਤਿਹਾਸਕ ਕਦਮ ਚੁੱਕਿਆ ਹੈ। ਇਸਦੇ ਨਾਲ ਹੀ ਉਨ੍ਹਾਂ ਨੇ ਬੇਅਦਬੀ ਦੇ ਮਾਮਲਿਆਂ ਵਿੱਚ ਕਾਰਵਾਈ ਕਰਨ ਵਿੱਚ ਨਾਕਾਮ ਰਹਿਣ ਲਈ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੀ ਸਖ਼ਤ ਆਲੋਚਨਾ ਕੀਤੀ।ਅੱਜ ਇਥੇ ਪੰਜਾਬ ਵਿਧਾਨ ਸਭਾ ਵਿਖੇ ਬਿੱਲ 'ਤੇ ਚਰਚਾ ਦੌਰਾਨ ਅਮਨ ਅਰੋੜਾ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ, ਬੇਅਦਬੀ ਦੀਆਂ ਘਟਨਾਵਾਂ ਖਾਸ ਕਰਕੇ 2015 ਦੇ ਬਰਗਾੜੀ, ਕੋਟਕਪੂਰਾ ਅਤੇ ਬਹਿਬਲ ਕਲਾਂ ਕਾਂਡ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਸੀ, ਵਿੱਚ ਲੋਕਾ ਨੂੰ ਇਨਸਾਫ਼ ਦੇਣ 'ਚ ਸਿਰੇ ਤੋਂ ਨਾਕਾਮ ਰਹੀਆਂ ਹਨ।

ਕਾਂਗਰਸ ਪਾਰਟੀ ਦੇ ਦੋਹਰੇ ਚਿਹਰੇ ਨੂੰ ਉਜਾਗਰ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਪਿਛਲੀਆਂ ਸਰਕਾਰ ਦੁਆਰਾ ਕਈ ਵਿਸ਼ੇਸ਼ ਜਾਂਚ ਟੀਮਾਂ (ਐਸਆਈਟੀ) ਅਤੇ ਕਮਿਸ਼ਨਾਂ ਦੇ ਗਠਨ ਦੇ ਬਾਵਜੂਦ ਕਿਸੇ ਨੇ ਵੀ ਬਾਦਲਾਂ ਨੂੰ ਬੇਅਦਬੀ ਦੇ ਮਾਮਲਿਆਂ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਨਹੀਂ ਕੀਤਾ, ਜਦਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਨ੍ਹਾਂ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਏਡੀਜੀਪੀ ਐਲ.ਕੇ. ਯਾਦਵ ਦੀ ਅਗਵਾਈ ਵਾਲੀ ਸਿੱਟ ਨੇ ਅਦਾਲਤ ਵਿੱਚ 7,000 ਤੋਂ ਵੱਧ ਪੰਨਿਆਂ ਦਾ ਚਲਾਨ ਪੇਸ਼ ਕੀਤਾ, ਜਿਸ ਵਿੱਚ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਅਤੇ ਹੋਰਾਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਇਹ ਕੇਸ ਇਸ ਸਮੇਂ ਫਰੀਦਕੋਟ ਦੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਚੱਲ ਰਿਹਾ ਹੈ।ਅਰੋੜਾ ਨੇ ਕਿਹਾ ਕਿ ਸਿੱਖ ਧਰਮ



ਦੇ ਰਖਵਾਲੇ ਹੋਣ ਦਾ ਦਾਅਵਾ ਕਰਨ ਵਾਲੇ ਬਾਦਲਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਬਾਰੇ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਵਿਖਾਵੇ ਲਈ 2016 ਵਿੱਚ ਕੇਂਦਰ ਨੂੰ ਇੱਕ ਕਮਜ਼ੋਰ ਬਿੱਲ ਭੇਜਿਆ ਸੀ, ਜਿਸਨੂੰ ਇਹ ਹਵਾਲਾ ਦਿੰਦਿਆਂ ਰੱਦ ਕਰ ਦਿੱਤਾ ਗਿਆ ਸੀ ਕਿ ਇਹ ਬਿੱਲ ਸਿਰਫ਼ ਇੱਕ ਧਾਰਮਿਕ ਗ੍ਰੰਥ ਦੀ ਰਖਵਾਈ ਦੀ ਗੱਲ ਕਰਦਾ ਹੈ। ਉਨ੍ਹਾਂ ਕਿਹਾ ਕਿ ਹੁਣ ਨਿਰਾਸ਼ਾ ਵਿੱਚ ਘਿਰੇ ਇਹ ਆਗੂ ਸਾਡੀ ਸਰਕਾਰ ਦੀ ਇਮਾਨਦਾਰੀ 'ਤੇ ਸਵਾਲ ਚੁੱਕ ਰਹੇ ਹਨ।ਉਨ੍ਹਾਂ ਦੱਸਿਆ ਕਿ ਪਿਛਲੀਆਂ ਸਰਕਾਰਾਂ ਬੇਅਦਬੀ ਦੇ ਮਾਮਲਿਆਂ ਦੇ ਮੁੱਖ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਵਿੱਚ ਨਾਕਾਮ ਰਹੀਆਂ, ਜਿਸ ਕਾਰਨ ਜਾਂਚ ਵਿੱਚ ਦੇਰੀ ਹੁੰਦੀ ਰਹੀ। ਇਸ ਦੇ ਉਲਟ 'ਆਪ' ਸਰਕਾਰ ਨੇ ਇਸ ਗੰਭੀਰ ਮਾਮਲੇ ਪ੍ਰਤੀ ਫੈਸਲਾਕੁੰਨ ਪਹੁੰਚ ਅਪਣਾਉਂਦਿਆ ਸਾਰੇ ਮਾਮਲਿਆਂ ਵਿੱਚ ਦੋਸ਼ ਪੱਤਰ ਦਾਇਰ ਕੀਤੇ, ਜਿਸ ਵਿੱਚ ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਬਾਦਲਾਂ ਸਮੇਤ ਕਈ ਵਿਅਕਤੀਆਂ ਨੂੰ ਮੁਲਜ਼ਮ ਵਜੋਂ ਨਾਮਜ਼ਮ ਕੀਤਾ ਗਿਆ।ਬਿੱਲ ਦੇ ਮੁੱਖ ਉਪਬੰਧਾਂ 'ਤੇ ਰੌਸ਼ਨੀ ਪਾਉਂਦਿਆਂ ਅਮਨ ਅਰੋੜਾ ਨੇ ਕਿਹਾ ਕਿ ਇਸ ਵਿੱਚ ਬੇਅਦਬੀ ਲਈ ਸਖ਼ਤ ਸਜ਼ਾਵਾਂ ਦਾ ਉਪਬੰਧ ਕੀਤਾ ਗਿਆ ਹੈ, ਜਿਸ ਵਿੱਚ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਸ਼ਾਮਲ ਹੈ। ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ ਤਿਆਰ ਕੀਤਾ ਗਿਆ ਇਹ ਬਿੱਲ ਬੇਅਦਬੀ ਨੂੰ ਵਿਆਪਕ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਸ਼੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ ਅਤੇ ਪਵਿੱਤਰ ਬਾਈਬਲ ਵਰਗੇ ਧਾਰਮਿਕ ਗ੍ਰੰਥਾਂ ਨਾਲ ਛੇੜਛਾੜ, ਗ੍ਰੰਥਾਂ ਨੂੰ ਸਾੜਨਾ, ਪਾੜਨਾ, ਬੇਅਦਬੀ ਅਤੇ ਹੋਰ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਉਣ ਵਰਗੇ ਅਪਰਾਧ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਇਸ ਬਿੱਲ ਵਿੱਚ ਬੇਅਦਬੀ ਦੇ ਅਪਰਾਧ ਨੂੰ ਗੈਰ-ਜ਼ਮਾਨਤੀ ਅਤੇ ਸਮਝੌਤ-ਰਹਿਤ ਅਪਰਾਧ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਜਿਸਦੀ ਘੱਟੋ-ਘੱਟ ਸਜ਼ਾ 10 ਸਾਲ ਕੈਦ ਅਤੇ 5 ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਹੈ। ਇਹ ਇੱਕ ਸਮਾਵੇਸ਼ੀ ਬਿੱਲ ਹੈ, ਜੋ ਸਾਰੇ ਪਵਿੱਤਰ ਗ੍ਰੰਥਾਂ ਲਈ ਬਰਾਬਰ ਸਤਿਕਾਰ ਦੀ ਗੱਲ ਕਰਦਾ ਹੈ।ਉਨ੍ਹਾਂ ਕਿਹਾ ਕਿ ਇਹ ਬਿੱਲ ਤੇਜ਼ੀ ਨਾਲ ਜਾਂਚ ਨੂੰ ਯਕੀਨੀ ਬਣਾਉਂਦਾ ਹੈ, ਜਿਸ ਵਿੱਚ ਡੀਐਸਪੀ ਜਾਂ ਇਸ ਤੋਂ ਉੱਪਰ ਦੇ ਰੈਂਕ ਦੇ ਅਧਿਕਾਰੀ ਦੁਆਰਾ ਮਾਮਲਿਆਂ ਦੀ ਜਾਂਚ ਕੀਤੀ ਜਾਵੇਗੀ। ਇਸ ਦੇ ਨਾਲ ਹੀ ਇਹ ਬਿੱਲ ਬੇਅਦਬੀ ਦੇ ਮਾਮਲਿਆਂ ਵਿੱਚ ਸਬੂਤਾਂ ਨੂੰ ਸਤਿਕਾਰਪੂਰਨ ਸੰਭਾਲਣ ਦੇ ਉਪਬੰਧ ਤਹਿਤ ਧਾਰਮਿਕ ਅਵਸ਼ੇਸ਼ਾਂ ਦੇ ਨਿਰਾਦਰ 'ਤੇ ਰੋਕ ਲਾਉਂਦਾ ਹੈ। ਇਹ ਉਪਬੰਧ ਪਵਿੱਤਰ ਗ੍ਰੰਥਾਂ ਨੂੰ ਮਾਣ-ਸਤਿਕਾਰ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਬੇਅਦਬੀ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਨਿਆਂ ਨੂੰ ਯਕੀਨੀ ਬਣਾਵੇਗਾ।ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਬਿੱਲ ਦਾ ਸਮਰਥਨ ਕਰਨ ਦੀ ਅਪੀਲ ਕਰਦਿਆਂ ਅਮਨ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ 'ਆਪ' ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਦੇ ਧਾਰਮਿਕ ਅਤੇ ਸਮਾਜਿਕ ਤਾਣੇ-ਬਾਣੇ ਦੀ ਰਾਖੀ ਲਈ ਆਪਣੀ ਵਚਨਬੱਧਤਾ 'ਤੇ ਹਮੇਸ਼ਾ ਅਡੋਲ ਹੈ ਅਤੇ 'ਆਪ' ਸਰਕਾਰ ਰਾਜਨੀਤਿਕ ਲਾਭ ਲਈ ਧਾਰਮਿਕ ਆਸਥਾ ਅਤੇ ਸਿਸ਼ਟਾਚਾਰ ਨੂੰ ਭੰਗ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ।ਅਰੋੜਾ ਨੇ ਜ਼ੋਰ ਦਿੰਦਿਆਂ ਕਿਹਾ ਕਿ ਅਸੀਂ ਕਿਸੇ ਵੀ ਕੀਮਤ 'ਤੇ ਪੰਜਾਬ ਦੀ ਧਾਰਮਿਕ ਸਦਭਾਵਨਾ ਨੂੰ ਢਾਹ ਨਹੀਂ ਲੱਗਣ ਦਿਆਂਗੇ ਅਤੇ ਇਸ ਵਾਰ ਬੇਅਦਬੀ ਦੇ ਮਾਮਲਿਆਂ ਵਿੱਚ ਨਿਆਂ ਜ਼ਰੂਰ ਮਿਲੇਗਾ।




# ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਮੈਂਬਰ ਚੋਣ ਨੋਟਿਸ

**ਪਿਆਰੇ ਮੈਂਬਰ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਤੁਸੀਂ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਇੱਕ ਸਰਗਰਮ ਰਜਿਸਟਰਡ ਜਨਰਲ ਬਾਡੀ ਮੈਂਬਰ ਹੋਣ ਦੇ ਨਾਤੇ, ਵੋਟਰ ਵਜੋਂ ਸਾਲ 2025 ਦੀ ਚੋਣ ਵਿੱਚ ਹਿੱਸਾ ਲੈਣ ਦੇ ਯੋਗ ਹੋ। ਸਾਰੇ ਰਜਿਸਟਰਡ ਮੈਂਬਰ ਜੋ 2019 ਪ੍ਰਬੰਧਕ ਕਮੇਟੀ ਚੋਣ ਵਿੱਚ ਵੋਟ ਪਾਉਣ ਦੇ ਯੋਗ ਸਨ ਅਤੇ ਜਿਨ੍ਹਾਂ ਨੇ ਬਾਅਦ ਵਿੱਚ ਰਜਿਸਟਰ ਨਵੀਨੀਕਰਨ ਕੀਤਾ ਹੈ, ਇਸ ਚੋਣ ਵਿੱਚ ਹਿੱਸਾ ਲੈਣ ਦੇ ਯੋਗ ਹੋਣਗੇ। 21 ਪ੍ਰਬੰਧਕ ਕਮੇਟੀ ਉਮੀਦਵਾਰਾਂ ਦੀ ਚੋਣ 12 ਅਕਤੂਬਰ, 2025 ਨੂੰ ਹੋਣੀ ਤੈਅ ਹੈ। ਚੋਣ ਸੈਨ ਹੋਜ਼ੇ ਗੁਰਦੁਆਰੇ ਵਿਖੇ ਸਵੇਰੇ 8:00 ਵਜੇ ਤੋਂ ਰਾਤ 8:00 ਵਜੇ ਤੱਕ ਹੋਵੇਗੀ।

ਚੋਣ ਵਾਲੇ ਦਿਨ, ਤੁਹਾਨੂੰ ਹੇਠ ਲਿਖੀਆਂ ਚੀਜ਼ਾਂ ਆਪਣੇ ਨਾਲ ਲਿਆਉਣੀਆਂ ਚਾਹੀਦੀਆਂ ਹਨ:

ਫੋਟੋ ਆਈਡੀ: ਹੇਠਾਂ ਦਿੱਤੇ ਸਵੀਕਾਰਯੋਗ ਫੋਟੋ ਆਈਡੀ ਫਾਰਮ ਹਨ ਜੋ ਸੈਂਟਾ ਕਲੈਰਾ, ਸੈਂਟਾ ਕਰੂਜ਼, ਕੱਟਰਾ ਕੋਸਟਾ, ਮੋਨਟਰੇ, ਸੈਨ ਮਾਟੇਓ, ਸੈਨ ਬੇਨੀਤੋ ਕਾਉਂਟੀਆਂ ਦੇ ਅੰਦਰ ਮੌਜੂਦਾ ਪਤੇ ਨੂੰ ਦਰਸਾਉਂਦੇ ਹਨ, ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਚੋਣਾਂ ਤੋਂ ਪਹਿਲਾਂ ਕੈਲੀਫੋਰਨੀਆ ਦੀ ਰੀਅਲ ਆਈਡੀ ਪ੍ਰਾਪਤ ਕਰੋ। ਅਮਰੀਕੀ ਸਰਕਾਰ ਦੁਆਰਾ ਜਾਰੀ ਕੀਤਾ ਗਿਆ ਡਰਾਈਵਿੰਗ ਲਾਇਸੈਂਸ ਆਈਡੀ ਪਾਸਪੋਰਟ/ਗ੍ਰੀਨ ਕਾਰਡ (ਜੇਕਰ ਆਈਡੀ ਤੁਹਾਡਾ ਮੌਜੂਦਾ ਪਤਾ ਨਹੀਂ ਦਿਖਾਉਂਦੀ ਹੈ, ਤਾਂ ਤੁਹਾਨੂੰ ਅਸਲ ਉਪਯੋਗਤਾ ਬਿੱਲ/ਯੂਐਸ ਸਰਕਾਰ ਦੁਆਰਾ ਜਾਰੀ ਕੀਤਾ ਗਿਆ ਪੱਤਰ ਵੈਧ ਪਤੇ ਦੇ ਨਾਲ ਲਿਆਉਣਾ ਚਾਹੀਦਾ ਹੈ, ਬਸ਼ਰਤੇ ਕਿ ਰਜਿਸਟ੍ਰੇਸ਼ਨ ਦੇ ਸਮੇਂ ਉਸ ਕਿਸਮ ਦੀ ਪਛਾਣ ਦੀ ਵਰਤੋਂ ਕੀਤੀ ਗਈ ਹੋਵੇ। ਇਹ ਦਸਤਾਵੇਜ਼ 6 ਮਹੀਨਿਆਂ ਤੋਂ ਪੁਰਾਣੇ ਨਹੀਂ ਹੋਣੇ ਚਾਹੀਦੇ।

ਤੁਹਾਡਾ ਰਜਿਸਟ੍ਰੇਸ਼ਨ ਨੰਬਰ ਜੋ ਪਤੇ ਦੇ ਲੇਬਲ ਦੇ ਉੱਪਰ ਛਾਪਿਆ ਗਿਆ ਹੈ। ਤੁਸੀਂ ਇਹ ਕਾਰਡ ਆਪਣੇ ਨਾਲ ਲਿਆ ਸਕਦੇ ਹੋ।

ਜਨਰਲ ਬਾਡੀ ਮੈਂਬਰ ਜੋ ਗੁਰਦੁਆਰਾ ਸਾਹਿਬ ਉਪ-ਨਿਯਮਾਂ (sanjosegurdwara.org 'ਤੇ ਉਪਲਬਧ) ਵਿੱਚ ਸੂਚੀ ਬੱਧ ਵਾਧੂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ, ਉਹ ਪ੍ਰਬੰਧਕ ਕਮੇਟੀ ਲਈ ਚੋਣ ਲੜਨ ਦੇ ਯੋਗ ਹਨ।

ਚੋਣ ਉਮੀਦਵਾਰਾਂ ਲਈ ਅਰਜ਼ੀਆਂ 7/2/2025 ਤੋਂ ਮੁੱਖ ਸੇਵਾਦਾਰ ਭੁਪਿੰਦਰ (ਬੌਬ) ਸਿੰਘ ਢਿੱਲੋਂ) ਤੋਂ ਉਪਲਬਧ ਹੋਣਗੀਆਂ ਅਤੇ 07/08/2025, ਸ਼ਾਮ 6:00 ਵਜੇ ਤੱਕ ਮੁੱਖ ਸੇਵਾਦਾਰ ਨੂੰ $1,000 ਫੀਸ ਨਾਲ ਜਮ੍ਹਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ, ਜੋ ਕਿ ਸਿੱਖ ਗੁਰਦੁਆਰਾ ਸੈਨ ਹੋਜ਼ੇ ਨੂੰ ਕੈਸ਼ੀਅਰ ਚੈੱਕ ਦੁਆਰਾ ਅਦਾ ਕੀਤੀ ਜਾ ਸਕਦੀ ਹੈ। ਉਮੀਦਵਾਰ ਦੀ ਅਰਜ਼ੀ 7/9/2025-7/15/2025, ਸ਼ਾਮ 6:00 ਵਜੇ ਤੱਕ ਵਾਪਸ ਲਈ ਜਾ ਸਕਦੀ ਹੈ।

ਸਾਰੀਆਂ ਸਲੇਟਾਂ (ਸਮੂਹਾਂ) / ਯੋਗ ਚੋਣ ਉਮੀਦਵਾਰਾਂ ਦੇ ਆਧਾਰ 'ਤੇ, ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਉਪ-ਨਿਯਮਾਂ ਅਨੁਸਾਰ 6 ਮੈਂਬਰਾਂ ਦੀ ਇੱਕ ਚੋਣ ਕਮੇਟੀ ਬਣਾਈ ਜਾਵੇਗੀ। ਚੋਣ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਯੋਗ ਪ੍ਰਬੰਧਕ ਕਮੇਟੀ ਦੇ ਉਮੀਦਵਾਰਾਂ ਦੀਆਂ ਅਰਜ਼ੀਆਂ ਚੋਣ ਕਮੇਟੀ ਨੂੰ ਪ੍ਰਦਾਨ ਕੀਤੀਆਂ ਜਾਣਗੀਆਂ। ਇਹ ਚੋਣ ਕਮੇਟੀ (EC), ਛੇ ਮੈਂਬਰਾਂ ਦੀ ਉਪ-ਕਮੇਟੀ ਜੋ ਵਾਧੂ ਮੈਂਬਰਸ਼ਿਪ ਰਜਿਸਟ੍ਰੇਸ਼ਨ 7/30/2025 - 9/2/2025 ਦੇ ਵਿਚਕਾਰ ਛੇ (6) ਰਜਿਸਟ੍ਰੇਸ਼ਨ ਸੈਸ਼ਨ ਕਰੇਗੀ ਅਤੇ ਪ੍ਰਬੰਧਕ ਕਮੇਟੀ ਚੋਣਾਂ ਦਾ ਪ੍ਰਬੰਧ ਕਰੇਗੀ। ਚੋਣ ਕਮੇਟੀ ਹਰੇਕ ਉਮੀਦਵਾਰ ਨੂੰ ਅੰਤਿਮ ਅਤੇ ਸੰਪੂਰਨ ਮੈਂਬਰਸ਼ਿਪ ਰਿਕਾਰਡ ਦੀ ਇੱਕ ਸਾਫਟ ਕਾਪੀ (ਰਿਕਾਰਡ 'ਤੇ ਨਾਮ, ਪਤਾ, ਫ਼ੋਨ ਨੰਬਰ ਅਤੇਈਮੇਲ) ਅਤੇ ਇੱਕ ਹਾਰਡ ਕਾਪੀ (ਜੇਕਰ ਕਿਸੇ ਵੀ ਉਮੀਦਵਾਰ ਦੁਆਰਾ ਬੇਨਤੀ ਕੀਤੀ ਜਾਂਦੀ ਹੈ) $200 ਦੀ ਨਕਦੀ ਜਾਂ ਸਿੱਖ ਗੁਰਦੁਆਰਾ ਸੈਨ ਹੋਜ਼ੇ ਨੂੰ ਭੁਗਤਾਨਯੋਗ ਕੈਸ਼ੀਅਰ ਚੈੱਕ ਦੇ ਭੁਗਤਾਨ 'ਤੇ ਪ੍ਰਦਾਨ ਕਰੇਗੀ। ਨਮੂਨਾ ਬੈਲਟ 11 ਸਤੰਬਰ, 2025 ਤੱਕ ਗੁਰਦੁਆਰਾ ਬੁਲੇਟਿਨ ਬੋਰਡ ਅਤੇ ਗੁਰਦੁਆਰਾ ਵੈੱਬਸਾਈਟ ਤੇ ਪੋਸਟ ਕੀਤਾ ਜਾਵੇਗਾ | ਵੋਟਿੰਗ ਲਈਅਧਿਕਾਰਤ ਬੈਲਟ ਤੁਹਾਨੂੰ ਵੋਟਿੰਗ ਸਟੇਸ਼ਨ 'ਤੇ ਦਿੱਤਾ ਜਾਵੇਗਾ। ਚੋਣਾਂ ਵਾਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਕੋਈ ਚੋਣ ਮੁਹਿੰਮ ਨਹੀਂ ਹੋਵੇਗੀ। ਚੋਣ ਨਤੀਜੇ 12 ਅਕਤੂਬਰ, 2025 ਦੀ ਦੇਰ ਰਾਤ ਨੂੰ ਐਲਾਨੇ ਜਾਣਗੇ।

ਨਤੀਜੇ ਐਲਾਨੇ ਜਾਣ ਤੋਂ 30 ਦਿਨਾਂ ਬਾਅਦ ਚੋਣ ਕਮੇਟੀ ਭੰਗ ਕਰ ਦਿੱਤੀ ਜਾਵੇਗੀ। ਨੋਟ: ਲੋੜ ਪੈਣ ਤੇ ਦਰਸਾਈਆਂ ਤਰੀਕਾਂ ਵਿੱਚ ਬਦਲਾ ਹੋ ਸਕਦਾ ਹੈ।
ਕਿਸੇ ਵੀ ਸਵਾਲ ਜਾਂ ਹੋਰ ਵਾਧੂ ਜਾਣਕਾਰੀ ਲਈ
**ਪ੍ਰਧਾਨ ਭੁਪਿੰਦਰ ਸਿੰਘ ਢਿੱਲੋਂ (408-568-0034) ਨਾਲ ਸੰਪਰਕ ਕਰੋ।**




# SIKH GURDWARA SAN JOSE

## Election Notice for Parbandhak Committee Members

Dear member,
Waheguru Ji Ka Khalsa, Waheguru Ji Ki Fateh,
You being an active registered General Body Member of the Sikh Gurdwara San Jose, are eligible to participate in year 2025 election as a Voter. All registered members who were eligible to vote in 2019 Parbandhak committee election and those who have registered/renewed after, will be eligible to participate in this election.
The 21 Parbandhak committee candidates' election has been scheduled to be held on October 12, 2025. The election will be held at the San Jose Gurdwara between the hours of
8:00 AM to 8:00 PM. On the Election Day, you must bring the following with you:
1. Photo ID: The following are acceptable forms of photo ID that shows current address within the counties of Santa Clara, Santa Cruz, Contra Costa, Monterey, San Mateo, San Benito. We recommend that you obtain a California Real ID before the Election.
• US Government issued driver license/ID
• Passport/Green Card (If ID does not show your current address, then must bring original Utility Bill/US Government issued letter with valid address, provided that type of
identification was used at time of registration). These documents must not be older than 6 months.
2. Your registration number which is printed on top of the address label. You can bring this card with you.
3. General body members who satisfy additional requirements as listed in the Gurdwara Sahib bylaws (available on www.sanjosegurdwara.org) are eligible to run for election to the Parbandhak Committee member. Applications for election candidates will be available from the President (Bhupindar (Bob) Singh Dhillon)) from 7/02/2025 and must be submitted to the President through 07/08/2025, 6:00PM with a $1,000 fee, payable by cashier check to Sikh Gurdwara San Jose. Candidate application can be withdrawn from 7/9/2025 to 7/15/2025, 6:00PM.
4. Based on all slates (groups) / qualified election candidates, an Election Committee of 6 members will be formed per bylaws of Sikh Gurdwara San Jose. Applications of all qualified Parbandhak Committee candidates will be provided to the Election Committee to carry over the election process.
5. The election committee (EC), sub-committee will do additional membership registration and election arrangements. The Election Committee will conduct six (6) membership registration sessions between 7/30/2025 – 9/2/2025.
6. The Election Committee will provide a soft copy of final and complete membership record to each candidate (Name, address, phone number & email on record) and a hard copy (if requested by any candidate) upon payment of $200 cost as cash or cashier check made payable to Sikh Gurdwara San Jose.
7. Sample ballot will be posted at Gurdwara bulletin board and on Gurdwara website by September 11, 2025. The official ballot for voting will be given to you at the voting station. There will be no election campaign at the Gurdwara Sahib on Election Day. The election results will be announced on late night of October 12, 2025. The Election Committee will be dissolved 30 days after election results are declared.
8. Consult President Bhupindar Singh Dhillon (408-568-0034) for any questions or other additional information.
P.S. If required, the dates stated above might get changed.
Regards,
**Bhupindar (Bob) Singh Dhillon**
**President (Sikh Gurdwara San Jose)**
**Phone: 408-568-0034**


ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਯੂ ਐਸ ਏ ਵੱਲੋਂ
25ਵਾਂ ਸਾਲਾਨਾ ਮੇਲਾ ਗਦਰੀ ਬਾਬਿਆਂ ਦਾ
ਸੋਹਣ ਸਿੰਘ ਭਕਨਾ
ਬਾਬਾ ਵਿਸਾਖਾ ਸਿੰਘ
ਸ਼ਹੀਦ ਊਧਮ ਸਿੰਘ
ਕਰਤਾਰ ਸਿੰਘ ਸਰਾਭਾ
ਸ਼ਹੀਦ ਭਗਤ ਸਿੰਘ
ਗਦਰ ਪਾਰਟੀ ਦੇ ਸ਼ਹੀਦਾਂ
ਸਮੂਹ ਇਨਕਲਾਬੀਆਂ ਤੇ ਦੇਸ਼ ਭਗਤਾਂ ਦੀ
ਯਾਦ 'ਚ ਮੇਲਾ
3 ਅਗਸਤ, 2025 ਦਿਨ ਐਤਵਾਰ
ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ
ਸਭ ਨੂੰ ਇਸ ਸੱਦੇ ਤੇ ਆਉਣ ਲਈ ਬੇਨਤੀ ਹੈ
Free Enrty, Free Food.
Hotel Holiday Inn Express
ਦੇ Yuba Hall ਵਿਖੇ ਮਨਾਇਆ ਜਾ ਰਿਹਾ ਹੈ
9175 W Stockton Blvd, Elk Grove, CA 95758
ਇਹ Highway 99 ਅਤੇ Laguna Blvd ਦੇ Corner ਉੱਤੇ ਹੈ
Host
ਜੋਤ ਰਣਜੀਤ
ਮੁੱਖ ਮਹਿਮਾਨ
Thein Ho
District Attorney
Sacramento County.
Dr. Pirthipal Singh Sohi
Political Analysts
Parmvir Singh Baath
Dr. Harinder Kaur Sohi
ਲੇਖਕ
Narinder Kaur Bharaj
Inderjit Kaur Mann
Bobby Singh Allen
Moyer of Elk Grove.
ਵਧੇਰੇ ਜਾਣਕਾਰੀ ਲਈ ਕਾਲ ਕਰੋ
(916) 256 7497, (916) 844-5310, (916) 289-5956

# ਮੁੱਖ ਮੰਤਰੀ ਨੇ ਵਿਧਾਨ ਸਭਾ ਵਿੱਚ 'ਪੰਜਾਬ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ, 2025' ਪੇਸ਼ ਕੀਤਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸੂਬੇ ਵਿੱਚ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 'ਪੰਜਾਬ ਵਿਧਾਨ ਸਭਾ ਵਿੱਚ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ, 2025' ਪੇਸ਼ ਕੀਤਾ। ਸਦਨ 'ਚ ਬਿੱਲ ਪੇਸ਼ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਇੱਕ ਭਾਵਨਾਤਮਕ ਅਤੇ ਨਾਜ਼ੁਕ ਮੁੱਦਾ ਹੈ ਜੋ ਹਰ ਪੰਜਾਬੀ ਨਾਲ ਸਬੰਧਤ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਮੁੱਦੇ ਦੇ ਨਾ ਸਿਰਫ਼ ਵਰਤਮਾਨ ਵਿੱਚ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਗੰਭੀਰ ਨਤੀਜੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾ-ਮਾਫ਼ੀਯੋਗ ਅਪਰਾਧ ਲਈ ਸਖ਼ਤ ਸਜ਼ਾ ਨੂੰ ਯਕੀਨੀ ਬਣਾਉਣਾ ਸਮੇਂ ਦੀ ਲੋੜ ਹੈ ਤਾਂ ਜੋ ਅਪਰਾਧੀਆਂ ਨੂੰ ਨੱਥ ਪਾਈ ਜਾ ਸਕੇ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ-ਮਹਾਂਪੁਰਸ਼ਾਂ ਅਤੇ ਪੀਰ-ਪੈਗੰਬਰਾਂ ਦੀ ਪਵਿੱਤਰ ਧਰਤੀ ਹੈ ਜਿਨ੍ਹਾਂ ਨੇ ਸਾਰਿਆਂ ਨੂੰ ਆਪਸੀ ਪਿਆਰ ਅਤੇ ਸਹਿਣਸ਼ੀਲਤਾ ਦਾ ਮਾਰਗ ਦਿਖਾਇਆ। ਉਨ੍ਹਾਂ ਅਫਸੋਸ ਪ੍ਰਗਟ ਕੀਤਾ ਕਿ ਕੁਝ ਪੰਜਾਬ ਵਿਰੋਧੀ ਤਾਕਤਾਂ 2016 ਤੋਂ ਪਵਿੱਤਰ ਗ੍ਰੰਥਾਂ ਬੇਅਦਬੀ ਵਰਗੇ ਪਾਪ ਨੂੰ ਅੰਜਾਮ ਦੇ ਕੇ ਸੂਬੇ ਦੇ ਸਮਾਜਿਕ ਤਾਣੇ-ਬਾਣੇ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੀਆਂ



ਹਨ। ਭਗਵੰਤ ਸਿੰਘ ਮਾਨ ਨੇ ਅਜਿਹੀਆਂ ਘਟਨਾਵਾਂ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਰਕਾਰ ਨੇ ਉੱਘੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਸਖ਼ਤ ਕਾਨੂੰਨ ਤਿਆਰ ਕੀਤਾ ਹੈ ਜਿਸ ਵਿੱਚ ਅਜਿਹੇ ਘਿਨਾਉਣੇ ਅਪਰਾਧਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਦਾ ਉਪਬੰਧ ਕੀਤਾ ਗਿਆ ਹੈ ਤਾਂ ਜੋ ਅਪਰਾਧੀ ਆਪਣੇ ਨਾ-ਮੁਆਫ਼ੀਯੋਗ ਗੁਨਾਹਾਂ ਦੇ ਗੰਭੀਰ ਨਤੀਜਿਆਂ ਤੋਂ ਕਿਸੇ ਵੀ ਹੀਲੇ ਬਚ ਨਾ ਸਕਣ । ਨਿਆਂ ਪ੍ਰਤੀ ਆਪਣੀ ਸਰਕਾਰ ਦੇ ਸਮਰਪਣ ਨੂੰ ਦੁਹਰਾਉਂਦਿਆਂ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਅਪਮਾਨਜਨਕ ਕਾਰਿਆਂ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਹਰੇਕ ਵਿਅਕਤੀ ਨੂੰ ਮਿਸਾਲੀ ਸਜ਼ਾ ਦਾ ਸਾਹਮਣਾ ਕਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੇ ਖ਼ਤਰਨਾਕ ਅਪਰਾਧੀਆਂ ਨੂੰ ਉਨ੍ਹਾਂ ਦੇ ਕੰਮਾਂ ਲਈ ਜਵਾਬਦੇਹ ਠਹਿਰਾਉਣਾ ਸੂਬਾ ਸਰਕਾਰ ਦਾ ਨੈਤਿਕ ਫਰਜ਼ ਹੈ।

ਇਸ ਦੌਰਾਨ ਕਾਂਗਰਸ ਪਾਰਟੀ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਇਸ ਮੁੱਦੇ ਪ੍ਰਤੀ ਕੋਈ ਕਾਨੂੰਨ ਜਾਂ ਹੱਲ ਨਾ ਲੈ ਕੇ ਆਉਣ ਲਈ ਵਿਰੋਧੀ ਧਿਰ ਦੀ ਸਖਤ ਆਲੋਚਨਾ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਬਰਗਾੜੀ ਅਤੇ ਬਹਿਬਲ ਕਲਾਂ ਵਰਗੀਆਂ ਘਟਨਾਵਾਂ ਨੇ ਹਰ ਪੰਜਾਬੀ ਦੇ ਮਨ ਨੂੰ ਡੂੰਘੀ ਠੇਸ ਪਹੁੰਚਾਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਅਫਸੋਸਜਨਕ ਹੈ ਕਿ ਅਜਿਹੇ ਬਿੱਲ 'ਤੇ ਚਰਚਾ ਲਈ ਵੀ ਕਾਂਗਰਸੀ ਆਗੂਆਂ ਨੇ ਹੋਰ ਸਮਾਂ ਮੰਗਿਆ ਹੈ, ਜੋ ਕਿ ਇਸ ਮਾਮਲੇ ਪ੍ਰਤੀ ਉਨ੍ਹਾਂ ਦੀ ਗੰਭੀਰਤਾ ਦੀ ਘਾਟ ਨੂੰ ਦਰਸਾਉਂਦਾ ਹੈ। ਇਸ ਦੌਰਾਨ ਭਗਵੰਤ ਸਿੰਘ ਮਾਨ ਨੇ ਉਮੀਦ ਪ੍ਰਗਟਾਈ ਕਿ ਜਦੋਂ ਮੰਗਲਵਾਰ ਨੂੰ ਬਿੱਲ 'ਤੇ ਚਰਚਾ ਮੁੜ ਸ਼ੁਰੂ ਹੋਵੇਗੀ ਤਾਂ ਕਾਂਗਰਸੀ ਆਗੂ ਸਰਕਾਰ ਨਾਲ ਸਹਿਯੋਗ ਲਈ ਤਿਆਰ ਹੋ ਕੇ ਆਉਣਗੇ ਤਾਂ ਜੋ ਇਸਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾ ਸਕੇ।

# ਨਵਾਂ ਬੇਅਦਬੀ ਬਿੱਲ 'ਆਪ' ਸਰਕਾਰ ਦਾ ਸਭ ਤੋਂ ਵੱਡਾ ਸਿਆਸੀ ਡਰਾਮਾ 24 ਘੰਟਿਆਂ ਵਾਲਾ ਵਾਅਦਾ ਕਿੱਥੇ ਗਿਆ- ਬ੍ਰਹਮਪੁਰਾ

ਤਰਨ ਤਾਰਨ
ਰਕੇਸ਼ ਨਈਅਰ

ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਕਿਹਾ ਕਿ ਆਮ ਆਦਮੀ ਪਾਰਟੀ ਨੇ ਬੇਅਦਬੀ ਦੇ ਅਤਿ ਸੰਵੇਦਨਸ਼ੀਲ ਮੁੱਦੇ 'ਤੇ ਕੂੜ ਪ੍ਰਚਾਰ ਕਰਕੇ ਨਾ ਸਿਰਫ਼ ਸੱਤਾ ਹਾਸਲ ਕੀਤੀ,ਸਗੋਂ ਇਨਸਾਫ਼ ਦੀ ਅਸਲ ਪ੍ਰਕਿਰਿਆ ਨੂੰ ਵੀ ਲੀਹੋਂ ਲਾਹਿਆ। ਉਨ੍ਹਾਂ ਕਿਹਾ ਕਿ ਹੁਣ ਆਪਣੀ ਤਿੰਨ ਸਾਲਾਂ ਦੀ ਨਾਕਾਮੀ 'ਤੇ ਪਰਦਾ ਪਾਉਣ ਲਈ 'ਆਪ' ਸਰਕਾਰ ਬੇਅਦਬੀ ਬਿੱਲ ਦਾ ਨਵਾਂ ਸਿਆਸੀ ਡਰਾਮਾ ਕਰ ਰਹੀ ਹੈ। ਬ੍ਰਹਮਪੁਰਾ ਨੇ ਕਿਹਾ, ਕਿ 2015 ਦੀਆਂ ਬਰਗਾੜੀ,ਬਹਿਬਲ ਕਲਾਂ ਅਤੇ ਕੋਟਕਪੂਰਾ ਦੀਆਂ ਘਟਨਾਵਾਂ ਬੇਹੱਦ ਦੁਖਦਾਈ ਸਨ ਅਤੇ ਇਨ੍ਹਾਂ ਦਾ ਦਰਦ ਅੱਜ ਵੀ ਹਰ ਪੰਜਾਬੀ ਦੇ ਦਿਲ ਵਿੱਚ ਹੈ। ਸਾਡੀ ਸਰਕਾਰ ਨੇ ਉਸ ਵੇਲੇ ਤੁਰੰਤ ਕਾਨੂੰਨੀ ਪ੍ਰਕਿਰਿਆ ਅਨੁਸਾਰ ਜਾਂਚ ਲਈ ਐੱਸ.ਆਈ.ਟੀ ਦਾ ਗਠਨ ਕਰਕੇ ਕਾਰਵਾਈ ਆਰੰਭ ਦਿੱਤੀ ਸੀ।ਪਰ ਉਸ ਸਮੇਂ ਦੀ ਵਿਰੋਧੀ ਧਿਰ,ਖਾਸ ਕਰਕੇ ਆਮ ਆਦਮੀ ਪਾਰਟੀ ਨੇ,ਪੰਥ ਦੇ ਦਰਦ ਵਿੱਚ ਸ਼ਰੀਕ ਹੋਣ ਦੀ ਬਜਾਏ,ਇਸਨੂੰ ਸਿਆਸੀ ਲਾਹਾ ਲੈਣ ਦਾ ਮੌਕਾ ਸਮਝਿਆ।ਉਨ੍ਹਾਂ ਨੇ ਦੋਸ਼ ਲਾਇਆ,ਕਿ 'ਆਪ' ਨੇ ਸੱਚ ਨੂੰ ਸਾਹਮਣੇ ਆਉਣ ਦੇਣ ਦੀ ਬਜਾਏ,ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਇੱਕ ਝੂਠਾ ਅਤੇ ਗੁੰਮਰਾਹਕੁੰਨ ਬਿਰਤਾਂਤ ਸਿਰਜਿਆ।ਉਨ੍ਹਾਂ ਨੇ ਪੰਜਾਬ ਦੇ ਭੋਲੇ-ਭਾਲੇ ਲੋਕਾਂ ਅਤੇ ਸਿੱਖ ਸੰਗਤ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਕਿ ਦੋਸ਼ੀ ਉਹ ਜਾਣਦੇ ਹਨ ਅਤੇ '24 ਘੰਟਿਆਂ' ਵਿੱਚ ਸਲਾਖਾਂ ਪਿੱਛੇ ਸੁੱਟ ਦੇਣਗੇ।ਉਨ੍ਹਾਂ ਦੇ ਇਸ ਕੂੜ ਪ੍ਰਚਾਰ ਨੇ ਜਾਂਚ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ ਅਤੇ ਇਨਸਾਫ਼ ਦੇ ਰਾਹ ਵਿੱਚ ਰੋੜਾ ਬਣੇ।ਸ.ਬ੍ਰਹਮਪੁਰਾ ਨੇ 'ਆਪ' ਸਰਕਾਰ ਦੀ ਮੌਜੂਦਾ ਕਾਰਗੁਜ਼ਾਰੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ,ਹੁਣ ਉਨ੍ਹਾਂ ਦੀ ਆਪਣੀ ਸਰਕਾਰ ਨੂੰ ਤਿੰਨ ਸਾਲ ਹੋ ਗਏ ਹਨ।ਜੇ ਉਨ੍ਹਾਂ ਦੇ ਦੋਸ਼ਾਂ ਵਿੱਚ ਰੱਤੀ ਭਰ ਵੀ ਸੱਚਾਈ ਸੀ,ਤਾਂ ਉਹ ਅੱਜ ਤੱਕ ਇੱਕ ਵੀ ਸਬੂਤ ਕਿਉਂ ਨਹੀਂ ਪੇਸ਼ ਕਰ ਸਕੇ? ਉਨ੍ਹਾਂ ਦੇ ਆਪਣੇ ਹੱਥਾਂ ਵਿੱਚ ਸਾਰੀਆਂ ਜਾਂਚ ਏਜੰਸੀਆਂ ਹਨ,ਫ਼ਿਰ ਵੀ ਕੋਈ ਨਤੀਜਾ ਨਹੀਂ ਨਿਕਲਿਆ।ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਉਨ੍ਹਾਂ ਦਾ ਇੱਕੋ-ਇੱਕ ਮਕਸਦ ਅਕਾਲੀ ਦਲ ਨੂੰ ਬਦਨਾਮ ਕਰਕੇ ਸੱਤਾ ਹਾਸਲ ਕਰਨਾ ਸੀ,ਨਾ ਕਿ ਇਨਸਾਫ਼ ਦਿਵਾਉਣਾ।ਉਨ੍ਹਾਂ ਕਿਹਾ ਕਿ ਇਹ ਨਵਾਂ ਬਿੱਲ 'ਆਪ' ਸਰਕਾਰ ਵੱਲੋਂ ਆਪਣੀ ਨਾਕਾਮੀ ਨੂੰ ਕਬੂਲ ਕਰਨ ਦੇ ਬਰਾਬਰ ਹੈ।ਜਦੋਂ ਉਹ ਆਪਣੇ ਕੀਤੇ ਵਾਅਦੇ ਅਨੁਸਾਰ ਦੋਸ਼ੀਆਂ ਨੂੰ ਨਹੀਂ ਫੜ ਸਕੇ,ਤਾਂ ਹੁਣ ਉਹ ਇੱਕ ਨਵਾਂ ਕਾਨੂੰਨ ਲਿਆ ਕੇ ਵਿਸ਼ਾ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ।ਇਹ ਬਿੱਲ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀ ਇੱਕ ਕੋਝੀ ਚਾਲ ਤੋਂ ਵੱਧ ਕੁਝ ਨਹੀਂ ਹੈ।ਬ੍ਰਹਮਪੁਰਾ ਨੇ ਅੰਤ ਵਿੱਚ ਕਿਹਾ,ਅਸੀਂ ਇਸ ਬਿੱਲ ਨੂੰ ਰੱਦ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਸਰਕਾਰ ਨਵੇਂ ਡਰਾਮੇ ਕਰਨ ਦੀ ਬਜਾਏ, ਪੰਜਾਬ ਦੇ ਲੋਕਾਂ ਨੂੰ ਸਪੱਸ਼ਟ



ਦੱਸੇ ਅਤੇ ਤੁਰੰਤ 'ਇੱਕ ਵਾਈਟ ਪੇਪਰ' ਜਾਰੀ ਕਰੇ ਕਿ 'ਆਪ' ਨੇ ਆਪਣੇ ਝੂਠੇ ਦੋਸ਼ਾਂ ਦੇ ਆਧਾਰ 'ਤੇ ਤਿੰਨ ਸਾਲਾਂ ਵਿੱਚ ਕੀ ਜਾਂਚ ਕੀਤੀ ਹੈ? ਸ਼੍ਰੋਮਣੀ ਅਕਾਲੀ ਦਲ ਅਸਲ ਇਨਸਾਫ਼ ਲਈ ਵਚਨਬੱਧ ਹੈ, ਜਿਸਦੇ ਰਾਹ ਵਿੱਚ 'ਆਪ' ਨੇ ਸਿਆਸਤ ਕਰਕੇ ਰੁਕਾਵਟ ਪਾਈ ਸੀ।

# ਪਿਛਲੀਆਂ ਸਰਕਾਰਾਂ ਨੇ ਪੰਜਾਬ 'ਚ ਨਸ਼ਾ ਫੈਲਾਇਆ ਅਤੇ ਨਸ਼ਾ ਤਸਕਰਾਂ ਦੀ ਕੀਤੀ ਪੁਸ਼ਤ ਪਨਾਹੀ: ਸੌਂਦ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਨਸ਼ਿਆਂ ਖਿਲਾਫ ਬਹਿਸ ਵਿੱਚ ਹਿੱਸਾ ਲੈਂਦਿਆਂ ਪਿਛਲੀਆਂ ਸਰਕਾਰਾਂ ਨੂੰ ਪੰਜਾਬ ਵਿੱਚ ਨਸ਼ਾ ਫੈਲਾਉਣ ਲਈ ਦੋਸ਼ੀ ਦੱਸਿਆ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਪੁਸ਼ਤ ਪਨਾਹੀ ਕਰਕੇ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰਾਂ ਨੇ ਸੂਬੇ ਦੀ ਨੌਜਵਾਨੀ ਨੂੰ ਨਸ਼ਿਆਂ 'ਤੇ ਲਾਇਆ। ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਵਿਧਾਨ ਸਭਾ ਵਿੱਚ ਉਨ੍ਹਾਂ ਅਖਬਾਰੀ ਖਬਰਾਂ ਨੂੰ ਵੀ ਪੜ੍ਹ ਕੇ ਸੁਣਾਇਆ ਜਿਨ੍ਹਾਂ ਵਿੱਚ ਖੰਨਾ 'ਚ ਨਾਜਾਇਜ਼ ਸ਼ਰਾਬ ਫੈਕਟਰੀ ਅਤੇ ਪਾਇਲ ਹਲਕੇ ਦੇ ਡਰੱਗ ਡੀਲਰ ਗੁਰਦੀਪ ਰਾਣੂੰ ਦੀ ਗ੍ਰਿਫਤਾਰੀ ਬਾਬਤ ਵਿਸਥਾਰ ਵਿੱਚ ਜ਼ਿਕਰ ਕੀਤਾ ਹੋਇਆ ਸੀ। ਉਨ੍ਹਾਂ ਕਿਹਾ ਕਿ ਇਹ ਦੋਵੇਂ ਮਾਮਲੇ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਨੇ ਆਪਣੇ ਸਮਿਆਂ ਦੌਰਾਨ ਨਸ਼ਾ ਵਪਾਰੀਆਂ ਨੂੰ ਸੁਰੱਖਿਆ ਦਿੱਤੀ ਅਤੇ ਪੰਜਾਬ ਵਿੱਚ ਨਸ਼ਾ ਫੈਲਾਇਆ। ਉਨ੍ਹਾਂ ਕਿਹਾ ਕਿ 2007 ਤੋਂ ਪਹਿਲਾਂ ਪੰਜਾਬ ਵਿੱਚ ਸਿੰਥੈਟਿਕ ਡਰੱਗ ਦਾ ਨਾਂ ਵੀ ਨਹੀਂ ਸੁਣਿਆਂ ਸੀ ਪਰ ਉਸ ਤੋਂ ਬਾਅਦ



ਤੇਜ਼ੀ ਨਾਲ ਚਿੱਟੇ ਵਰਗੇ ਨਸ਼ੇ ਨੇ ਪੰਜਾਬ ਦੀ ਜਵਾਨੀ ਬਰਬਾਦ ਕਰਕੇ ਰੱਖ ਦਿੱਤੀ। ਉਨ੍ਹਾਂ ਕਿਹਾ ਕਿ ਇੱਕ ਸਾਬਕਾ ਮੁੱਖ ਮੰਤਰੀ ਨੇ ਤਾਂ ਨਸ਼ੇ ਖਤਮ ਕਰਨ ਦੀ ਝੂਠੀ ਸਹੁੰ ਵੀ ਚੁੱਕੀ ਸੀ ਪਰ ਇਸ ਬਾਬਤ ਡੱਕਾ ਵੀ ਨਹੀਂ ਤੋੜਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ 'ਚ ਅਹਿਮ ਭੂਮਿਕਾ ਨਿਭਾ ਰਹੀ ਹੈ ਅਤੇ ਇਸ ਮੁਹਿੰਮ ਨੇ ਨਸ਼ਾ ਤਸਕਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰ ਪੰਜਾਬ ਛੱਡ ਕੇ ਭੱਜ ਰਹੇ ਹਨ। ਸੌਂਦ ਨੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 7 ਹਜ਼ਾਰ ਦੇ ਕਰੀਬ ਪਿੰਡਾਂ ਵਿੱਚ ਕੈਂਪ ਲਗਾ ਕੇ ਨਸ਼ੇ ਛੱਡਣ ਦੀ ਸਹੁੰ ਚੁਕਾਈ ਗਈ ਅਤੇ 4500 ਤੋਂ ਜ਼ਿਆਦਾ ਪਿੰਡ ਖੁਦ ਨੂੰ ਨਸ਼ਾ ਮੁਕਤ ਐਲਾਨ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹੁਣ ਸ਼ਹਿਰਾਂ ਦੇ ਵਾਰਡਾਂ ਵਿੱਚ ਵੀ ਨਸ਼ਿਆਂ ਖਿਲਾਫ ਜਾਗਰੂਕਤਾ ਕੈਂਪ ਲਗਾਏ ਜਾਣਗੇ। ਸੌਂਦ ਨੇ ਕਿਹਾ ਕਿ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਗਲੇ 6 ਮਹੀਨਿਆਂ 'ਚ ਤਿੰਨ ਹਜ਼ਾਰ ਤੋਂ ਵੱਧ ਖੇਡ ਮੈਦਾਨ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਮਾਡਲ ਖੇਡ ਮੈਦਾਨ ਹੋਣਗੇ ਤਾਂ ਜੋ ਮੁੰਡੇ-ਕੁੜੀਆਂ ਉੱਥੇ ਖੇਡ ਸਕਣ ਅਤੇ ਆਮ ਲੋਕ ਸਵੇਰੇ-ਸ਼ਾਮ ਸੈਰ ਕਰ ਸਕਣ। ਉਨ੍ਹਾਂ ਕਿਹਾ ਕਿ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਲਈ ਮਾਨ ਸਰਕਾਰ ਦੇ ਸਾਰੇ ਵਿਧਾਇਕ, ਮੰਤਰੀ ਅਤੇ ਵਾਲੰਟੀਅਰ ਦਿਨ-ਰਾਤ ਮਿਹਨਤ ਕਰ ਰਹੇ ਹਨ ਅਤੇ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਹੋਵੇਗਾ।


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੈਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

"ਕੀ ਤੁਸੀਂ ਆਪਣੇ ਘਰ, ਗੱਡੀ, ਪਰਿਵਾਰ ਜਾਂ ਕਾਰੋਬਾਰ ਦੀ ਸੁਰੱਖਿਆ ਲਈ ਇੰਸ਼ੋਰੈਂਸ ਲੱਭ ਰਹੇ ਹੋ ?

FARMERS INSURANCE

ਨਵਨੀਤ ਕੌਰ
INSURANCE AGENCY

------------ "ਤੁਹਾਡਾ ਸੁਆਗਤ ਹੈ" ------------

"ਅਸੀਂ ਤੁਹਾਡੀ ਹਰ ਲੋੜ ਲਈ ਇੰਸ਼ੋਰੈਂਸ ਪੌਲਿਸੀਆਂ ਵੇਚਦੇ ਹਾਂ, ਜਿਵੇਂ :

ਆਟੋ



ਹੋਮ


ਲਾਈਫ


ਵਪਾਰਕ ਇੰਸ਼ੋਰੈਂਸ


"ਸਾਡੇ ਕੋਲ ਖੇਤਾਂ, ਪਹਾੜਾਂ ਅਤੇ ਕਸਟਮ ਬਿਲਡ ਘਰਾਂ ਦੀ ਵੀ ਇੰਸ਼ੋਰੈਂਸ ਉਪਲਬਧ ਹੈ
ਇਸ ਤੋਂ ਇਲਾਵਾ, ਅਸੀਂ ਨੌਨ-ਸਟੈਂਡਰਡ ਆਟੋ ਪੌਲਿਸੀਜ਼ ਵੀ ਕਰਦੇ ਹਾਂ!"

Get a free Quote



KANWALJIT SINGH
(Insurance Agent)

"ਸਾਡੇ ਨਾਲ ਸੰਪਰਕ ਕਰੋ :

ਫ਼ੋਨ ਨੰਬਰ: (209) 672-4539

ਪਤਾ :- 17416 Murphy Pkwy, Lathrop, CA 95330



ਨਵਨੀਤ ਕੌਰ ਫਾਰਮਰ ਇੰਸ਼ੋਰੈਂਸ – ਜਿੱਥੇ ਤੁਹਾਡੀ ਸੁਰੱਖਿਆ ਸਾਡੀ ਪਹਿਲੀ ਤਰਜੀਹ ਹੈ!"


NOW OPEN
NOW OPEN
Tandoori
FLAVORS
MARINATE MEAT SHOP
ਮੇਰੀਨੇਟ ਮੀਟ ਸ਼ੌਪ
551
Tandoori Flavors
---- MARINATED MEAT SHOP ----
ਚਾਹੇ ਕੱਚਾ ਚਾਹੀਦਾ, ਜਾਂ ਪੱਕਾ
ਸਾਡੀ ਚੋਣ ਹੈ ਸਭ ਤੋਂ ਵਧੀਆ!
POULTRY SPECIALS ਦੇ ਵਿਚ ਤੁਹਾਨੂੰ ਮਿਲੇਗਾ :-
- Chicken Wings , Cooked Wings, Breast , Boneless Thighs, Paneer Skewers
- CURRY LOVERS ਦੇ ਲਈ ਖਾਸ ਰਹੇਗਾ :-
- Butter Chicken, Shahi Paneer, ਬੱਕਰਾ Curry
- RICE BOWLS – ON THE GO !
- Shahi Paneer Bowl, Butter Chicken Bowl
- SEAFOOD 'ਚ ਵੀ ਕੁਝ ਅਜਿਹਾ ਰਹੇਗਾ ਖਾਸ :-
- Basa (Swai) Fish, Fish Pakora, Cooked Pakora Fish
Tandoori
FLAVORS
ਭੋਜਨ ਪ੍ਰੇਮੀਆਂ ਲਈ ਖਾਸ ਹਰ ਰੋਜ਼ - RICE BOWL ONLY $11.99 ਸ਼ਾਹੀ ਪਨੀਰ ਜਾਂ ਬਟਰ ਚਿਕਨ ਦੇ ਨਾਲ
RICE ਸਾਰੀਆਂ CURRIES ਨਾਲ ਮੁਫ਼ਤ ਮਿਲਣਗੇ।
ਤੁਸੀਂ ਸਾਡੇ ਕੋਲੋਂ COOKED ਫ਼ੂਡ ਤੇ ਮੈਰੀਨੇਡ ਮੀਟ ਦਾ ਸਾਫ਼ ਕੀਤਾ RAW ਮੈਟੀਰੀਅਲ ਵੀ ਪ੍ਰਾਪਤ ਕਰ ਸਕਦੇ ਹੋ।
ACHAR LOVERS ਲਈ ਬੱਕਰੇ ਤੇ ਮੁਰਗੇ ਦਾ ਆਚਾਰ ਵੀ ਸਾਡੇ ਕੋਲ ਉਪਲਬਧ ਹੈ।
ਇਥੇ ਇਹ ਵੀ ਖਾਸ ਹੈ ਕਿ
''ਅਸੀਂ ਆਪਣੇ ਖਾਣੇ 'ਚ ਫ਼ੂਡ-ਕਲਰ ਨਹੀਂ ਵਰਤਦੇ।''
551, West Clover Road, Tracy
California- 95376
ਸੰਪਰਕ ਕਰੋ -
209-207-9781
ਸਾਡਾ ਸਟੋਰ ਖੁੱਲ੍ਹਣ ਦਾ ਸਮਾਂ ਹੈ :
ਸਵੇਰੇ 10 ਵਜੇ ਤੋਂ ਰਾਤੀਂ 9 ਵਜੇ ਤੱਕ
Visit Us Online: www.Tandoori-Flavors.com

# ਮਰੀਜ਼ਾਂ ਨੂੰ ਨਕਲੀ ਦਵਾਈਆਂ ਵੇਚਣ ਦੇ ਦੋਸ਼ 'ਚ ਸਿਆਟਲ ਦੇ ਭਾਰਤੀ ਮੂਲ ਦੇ ਦੋ ਭਰਾਵਾਂ ਨੂੰ ਸਜ਼ਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਭਾਰਤੀ ਮੂਲ ਦੇ ਦੋ ਭਰਾਵਾਂ ਨੂੰ ਅਮਰੀਕਾ ਵਿਚ ਨਕਲੀ ਅਤੇ ਮਿਲਾਵਟੀ ਦਵਾਈਆਂ ਵੇਚਣ ਦੀ ਯੋਜਨਾ ਦੇ ਦੋਸ਼ ਵਿਚ ਅਦਾਲਤ ਨੇ 30-30 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ। 39 ਸਾਲਾ ਕੁਮਾਰ ਝਾਅ ਅਤੇ 36 ਸਾਲਾ ਰਜਨੀਸ਼ ਕੁਮਾਰ ਝਾਅ ਦੋਵਾਂ ਨੂੰ 20 ਅਪ੍ਰੈਲ, 2023 ਨੂੰ ਸਿੰਗਾਪੁਰ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਫਰਵਰੀ 2025 ਵਿਚ ਅਮਰੀਕਾ ਦੇ ਹਵਾਲੇ ਕਰ ਦਿੱਤਾ ਗਿਆ ਸੀ।

ਬਾਅਦ ਵਿਚ ਉਨ੍ਹਾਂ ਨੂੰ ਸਿਆਟਲ ਦੀ ਅਮਰੀਕੀ ਜ਼ਿਲ੍ਹਾ ਅਦਾਲਤ ਵਿਚ ਸਜ਼ਾ ਸੁਣਾਈ ਗਈ।

ਇਨ੍ਹਾਂ ਦੋ ਭਾਰਤੀ ਭਰਾਵਾਂ ਨੇ ਅਮਰੀਕਾ ਵਿਚ ਦੂਸ਼ਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਕੀਤੀ ਸੀ। ਇਨ੍ਹਾਂ ਝਾਅ ਭਰਾਵਾਂ ਦੀ ਜਾਂਚ 2019 ਵਿਚ ਸ਼ੁਰੂ ਹੋਈ ਸੀ ਅਤੇ ਜਾਂਚਕਰਤਾਵਾਂ ਨੇ ਇੰਟਰਨੈੱਟ 'ਤੇ



ਪੋਸਟਿੰਗਾਂ ਅਤੇ ਹੋਰ ਸਬੂਤਾਂ ਦੀ ਸਮੀਖਿਆ ਕੀਤੀ, ਜੋ ਦਰਸਾਉਂਦੇ ਹਨ ਕਿ ਦੋਵੇਂ ਝਾਅ ਭਰਾਵਾਂ ਅਤੇ ਉਨ੍ਹਾਂ ਦੀ ਕੰਪਨੀ, ਧ੍ਰਿਸ਼ਟੀ ਫਾਰਮਾ ਇੰਟਰਨੈਸ਼ਨਲ ਨੇ ਅਮਰੀਕਾ ਵਿਚ ਨੁਸਖ਼ੇ ਵਾਲੀਆਂ ਦਵਾਈਆਂ ਵੇਚਣ ਦੀ ਪੇਸ਼ਕਸ਼ ਕੀਤੀ ਸੀ। ਅਪਰਾਧਿਕ ਜਾਂਚ ਦਫ਼ਤਰ, ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਅਤੇ ਹੋਮਲੈਂਡ ਸਿਕਿਓਰਿਟੀ ਇਨਵੈਸਟੀਗੇਸ਼ਨ ਦੇ ਗੁਪਤ ਏਜੰਟਾਂ ਨੂੰ ਝਾਅ ਭਰਾਵਾਂ ਨਾਲ ਸੰਪਰਕ ਕਰਨ ਅਤੇ ਉਨ੍ਹਾਂ ਦੇ ਕੁਝ ਉਤਪਾਦਾਂ ਨੂੰ ਖਰੀਦਣ ਦਾ ਕੰਮ ਸੌਂਪਿਆ ਗਿਆ ਸੀ। ਜਾਂਚ ਵਿਚ ਮੁੱਖ ਚਿੰਤਾ ਕੀਟਰੂਡਾ ਨਾਮਕ ਨਕਲੀ ਦਵਾਈ ਦੀ ਵਿਕਰੀ ਸੀ, ਜੋ ਕਿ ਲੇਟ-ਸਟੇਜ ਕੈਂਸਰ ਲਈ ਵਰਤੀ ਜਾਂਦੀ ਮਰਕ ਦੀ ਦਵਾਈ ਸੀ। ਵਿਸ਼ਲੇਸ਼ਣ ਤੋਂ ਇਹ ਸਿੱਟਾ ਨਿਕਲਿਆ ਕਿ ਭਾਰਤੀ ਮੂਲ ਦੇ ਝਾਅ ਭਰਾ ਕੀਟਰੂਡਾ ਨਾਮਕ ਨਕਲੀ ਦਵਾਈਆਂ ਵੇਚ ਰਹੇ ਸਨ, ਜਿਨ੍ਹਾਂ ਵਿਚ ਉਹ ਕੋਈ ਵੀ ਸਮੱਗਰੀ ਨਹੀਂ ਸੀ, ਜੋ ਅਸਲ ਉਤਪਾਦ ਵਿਚ ਸ਼ਾਮਲ ਸੀ।

# ਯੂਰਪੀਅਨ ਯੂਨੀਅਨ, ਮੈਕਸੀਕੋ ਵੱਲੋਂ ਟਰੰਪ ਦੇ ਟੈਰਿਫ ਫੈਸਲੇ ਦੀ ਆਲੋਚਨਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਇਕ ਫੈਸਲੇ ਨਾਲ ਅੰਤਰਰਾਸ਼ਟਰੀ ਵਪਾਰ ਜਗਤ ਵਿਚ ਉਥਲ-ਪੁਥਲ ਮਚਾ ਦਿੱਤੀ ਹੈ, ਜਿਸ ਵਿਚ ਟਰੰਪ ਨੇ 1 ਅਗਸਤ ਤੋਂ ਆਪਣੇ ਦੇਸ਼ ਨਾਲ ਵਪਾਰ ਕਰਨ ਵਾਲੀਆਂ ਦੋ ਪ੍ਰਮੁੱਖ ਪਾਰਟੀਆਂ ਯੂਰਪੀਅਨ ਯੂਨੀਅਨ ਅਤੇ ਮੈਕਸੀਕੋ ਦੇ ਵਿਰੁੱਧ 30-30 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਅਮਰੀਕਾ ਦੇ ਸਹਿਯੋਗੀ ਇਸ ਫੈਸਲੇ ਤੋਂ ਅਸਹਿਜ ਹਨ ਅਤੇ ਉਨ੍ਹਾਂ ਨੇ ਇਸ 'ਤੇ ਪ੍ਰਤੀਕਿਰਿਆ ਕਰਨੀ ਸ਼ੁਰੂ ਕਰ ਦਿੱਤੀ ਹੈ। ਟਰੰਪ ਨੇ ਸ਼ਨੀਵਾਰ ਨੂੰ ਯੂਰਪੀਅਨ ਯੂਨੀਅਨ ਦੀ ਕਾਰਜਕਾਰੀ ਸੰਸਥਾ, ਯੂਰਪੀਅਨ ਯੂਨੀਅਨ ਦੇ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਅਤੇ ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੂੰ ਵੱਖਰੇ ਪੱਤਰ ਲਿਖੇ, ਉਨ੍ਹਾਂ ਨੂੰ ਆਪਣੀ ਸਰਕਾਰ ਦੇ ਫੈਸਲਿਆਂ ਬਾਰੇ ਜਾਣਕਾਰੀ ਦਿੱਤੀ।

ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਵੀ ਇਨ੍ਹਾਂ ਫੈਸਲਿਆਂ ਬਾਰੇ ਜਾਣਕਾਰੀ ਦਿੱਤੀ। ਯੂਰਪੀਅਨ ਯੂਨੀਅਨ ਅਤੇ ਮੈਕਸੀਕੋ ਦੋਵਾਂ ਨੇ ਟਰੰਪ ਦੇ ਇਨ੍ਹਾਂ ਐਲਾਨਾਂ ਨੂੰ ਅਨੁਚਿਤ ਅਤੇ ਵਪਾਰ ਲਈ ਵਿਘਨਕਾਰੀ ਕਿਹਾ ਹੈ। ਉਨ੍ਹਾਂ ਨੇ ਅਗਸਤ ਤੋਂ ਪਹਿਲਾਂ ਅਮਰੀਕਾ ਨਾਲ ਗੱਲਬਾਤ ਜਾਰੀ ਰੱਖਣ ਅਤੇ ਵਪਾਰ ਸਮਝੌਤੇ 'ਤੇ ਪਹੁੰਚਣ ਦਾ ਆਪਣਾ ਇਰਾਦਾ ਵੀ ਜ਼ਾਹਰ ਕੀਤਾ ਹੈ। ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਲੇਅਨ ਨੇ ਕਿਹਾ ਹੈ ਕਿ ਯੂਨੀਅਨ ਆਪਣੇ ਹਿੱਤਾਂ ਦੀ ਰੱਖਿਆ ਲਈ ਹਰ ਜ਼ਰੂਰੀ



ਕਦਮ ਚੁੱਕੇਗੀ ਅਤੇ ਜੇ ਜ਼ਰੂਰੀ ਹੋਇਆ ਤਾਂ ਜਵਾਬੀ ਕਾਰਵਾਈ ਵੀ ਕੀਤੀ ਜਾਵੇਗੀ। ਉਨ੍ਹਾਂ ਨੇ ਯੂਰਪੀਅਨ ਕਮਿਸ਼ਨ ਦੀ ਯੂਰਪ ਅਤੇ ਅਮਰੀਕਾ ਵਿਚਕਾਰ ਵਪਾਰਕ ਹੱਲ ਅਤੇ ਰਚਨਾਤਮਕ ਭਾਈਵਾਲੀ ਲਈ ਅਮਰੀਕਾ ਨਾਲ ਗੱਲਬਾਤ ਜਾਰੀ ਰੱਖਣ ਦੀ ਵਚਨਬੱਧਤਾ ਪ੍ਰਗਟ ਕੀਤੀ ਹੈ।

ਮੈਕਸੀਕੋ ਨੇ ਅਮਰੀਕਾ ਦੇ ਫੈਸਲੇ ਨੂੰ ਅਣਉਚਿਤ ਦੱਸਿਆ ਹੈ ਅਤੇ ਕਿਹਾ ਹੈ ਕਿ ਉਹ ਇਸ ਨਾਲ ਸਹਿਮਤ ਨਹੀਂ ਹੈ। ਮੈਕਸੀਕੋ ਵੱਲੋਂ ਜਾਰੀ ਇੱਕ ਸਰਕਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਉਹ ਅਮਰੀਕਾ ਨਾਲ ਗੱਲਬਾਤ ਕਰਨ ਅਤੇ ਅਜਿਹੀ ਟੈਰਿਫ ਵਿਵਸਥਾ ਕਰਨ ਲਈ ਤਿਆਰ ਹੈ, ਜੋ ਸਰਹੱਦ ਦੇ ਦੋਵੇਂ ਪਾਸੇ ਕਾਰੋਬਾਰ ਅਤੇ ਰੁਜ਼ਗਾਰ ਦੇ ਹਿੱਤ ਵਿਚ ਹੋਵੇ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਅਮਰੀਕਾ ਦੇ ਇਸ ਫੈਸਲੇ ਨਾਲ ਆਪਣੀ ਸਖ਼ਤ ਅਸਹਿਮਤੀ ਪ੍ਰਗਟ ਕੀਤੀ ਹੈ ਅਤੇ 27 ਦੇਸ਼ਾਂ ਦੇ ਯੂਰਪੀਅਨ ਯੂਨੀਅਨ ਨੂੰ 'ਯੂਰਪੀਅਨ ਹਿੱਤਾਂ ਦੀ ਮਜ਼ਬੂਤੀ ਨਾਲ ਰੱਖਿਆ ਕਰਨ' ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਯੂਨੀਅਨ ਨੂੰ 'ਇਸ ਫੈਸਲੇ ਵਿਰੁੱਧ ਭਰੋਸੇਯੋਗ ਉਪਾਅ ਕਰਨ ਲਈ ਆਪਣੇ ਕੋਲ ਉਪਲਬਧ ਸਾਰੇ ਸਰੋਤ ਇਕੱਠੇ ਕਰਨ' ਲਈ ਕਿਹਾ ਹੈ।

ਮੈਕਰੋਨ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ 1 ਅਗਸਤ ਤੋਂ ਪਹਿਲਾਂ ਅਮਰੀਕਾ ਨਾਲ ਆਪਸੀ ਤੌਰ 'ਤੇ ਸਵੀਕਾਰਯੋਗ ਵਪਾਰ ਸਮਝੌਤੇ 'ਤੇ ਪਹੁੰਚਣ ਲਈ ਗੱਲਬਾਤ ਵਿਚ ਯੂਰਪੀਅਨ ਕਮਿਸ਼ਨ ਦਾ ਪੂਰਾ ਸਮਰਥਨ ਕਰੇਗਾ। ਸੋਸ਼ਲ ਮੀਡੀਆ 'ਤੇ ਆਪਣੀਆਂ ਟਿੱਪਣੀਆਂ ਵਿਚ ਉਨ੍ਹਾਂ ਕਿਹਾ ਕਿ ਯੂਰਪੀਅਨ ਯੂਨੀਅਨ ਅਤੇ ਅਮਰੀਕਾ ਇੱਕ ਦੂਜੇ ਦੇ ਬਹੁਤ ਧੰਨਵਾਦੀ ਹਨ। ਯੂਰਪੀਅਨ ਕੌਂਸਲ ਦੇ ਪ੍ਰਧਾਨ ਐਂਟੋਨੀਓ ਕੋਸਟਾ ਨੇ ਕਿਹਾ ਕਿ ਟੈਰਿਫ ਮਹਿੰਗਾਈ ਵਧਾਉਂਦੇ ਹਨ, ਇਹ ਅਨਿਸ਼ਚਿਤਤਾ ਵਧਾਉਂਦੇ ਹਨ ਅਤੇ ਆਰਥਿਕ ਵਿਕਾਸ ਨੂੰ ਪ੍ਰਭਾਵਿਤ ਕਰਦੇ ਹਨ। ਉਨ੍ਹਾਂ ਕਿਹਾ ਕਿ ਯੂਰਪੀਅਨ ਕੌਂਸਲ ਦੁਨੀਆਂ ਭਰ ਦੇ ਦੇਸ਼ਾਂ ਨਾਲ ਮਜ਼ਬੂਤ ਵਪਾਰਕ ਸਬੰਧ ਬਣਾਉਣ ਦੀ ਕੋਸ਼ਿਸ਼ ਜਾਰੀ ਰੱਖੇਗੀ।

ਸਪੇਨ ਅਤੇ ਜਰਮਨੀ ਨੇ ਵੀ ਇਸ 'ਤੇ ਪ੍ਰਤੀਕਿਰਿਆ ਦਿੱਤੀ ਹੈ। ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਟਰੰਪ ਦੇ ਇਕਪਾਸੜ ਫੈਸਲੇ ਨੂੰ ਅਣਉਚਿਤ ਕਿਹਾ ਹੈ, ਜਦੋਂਕਿ ਜਰਮਨ ਆਰਥਿਕ ਮਾਮਲਿਆਂ ਦੀ ਮੰਤਰੀ ਕੈਥਰੀਨਾ ਰੀਚ ਨੇ ਕਿਹਾ ਕਿ ਯੂਰਪੀਅਨ ਯੂਨੀਅਨ ਨੂੰ ਬਾਕੀ ਸਮੇਂ ਵਿਚ ਅਮਰੀਕਾ ਨਾਲ ਵਿਹਾਰਕ ਢੰਗ ਨਾਲ ਗੱਲਬਾਤ ਕਰਕੇ ਮੁੱਦਿਆਂ ਨੂੰ ਹੱਲ ਕਰਨ ਦੀ ਕੋਸ਼ਿਸ਼ ਜਾਰੀ ਰੱਖਣੀ ਚਾਹੀਦੀ ਹੈ।

# ਮਿੱਥ ਕੇ ਹਤਿਆਵਾਂ ਕਰਨ ਦੀ ਸਾਜ਼ਿਸ਼ ਰਚਣ ਵਾਲੇ ਜੱਗੂ ਭਗਵਾਨਪੁਰੀਆ ਗਿਰੋਹ ਦੇ ਪੰਜ ਮੈਂਬਰ ਗ੍ਰਿਫ਼ਤਾਰ: ਦੋ ਪਿਸਤੌਲਾਂ ਬਰਾਮਦ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਮਹੱਤਵਪੂਰਨ ਸਫਲਤਾ ਵਿੱਚ, ਪੰਜਾਬ ਪੁਲਿਸ ਨੇ ਅਮਰੀਕਾ ਅਧਾਰਤ ਹੁਸਨਦੀਪ ਸਿੰਘ ਦੁਆਰਾ ਚਲਾਏ ਜਾ ਰਹੇ ਜੱਗੂ ਭਗਵਾਨਪੁਰੀਆ ਗੈਂਗ ਨਾਲ ਜੁੜੇ ਪੰਜ ਕਾਰਕੁਨਾਂ ਨੂੰ ਗ੍ਰਿਫਤਾਰ ਕਰਕੇ ਮਿੱਥ ਕੇ ਹਤਿਆ ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਪੀਐਕਸ 5 ਪਿਸਤੌਲ ਅਤੇ .32 ਬੋਰ ਪਿਸਤੌਲ ਸਮੇਤ ਦੋ ਹਥਿਆਰ ਬਰਾਮਦ ਕੀਤੇ ਹਨ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਦੱਸਣਯੋਗ ਹੈ ਕਿ ਖੁਫੀਆ ਜਾਣਕਾਰੀ 'ਤੇ ਆਧਾਰਤ ਇਹ ਕਾਰਵਾਈ ਕਾਊਂਟਰ ਇੰਟੈਲੀਜੈਂਸ ਪੰਜਾਬ ਅਤੇ ਅੰਮ੍ਰਿਤਸਰ ਦਿਹਾਤੀ ਤੇ ਜ਼ਿਲ੍ਹਾ ਬਟਾਲਾ ਪੁਲਿਸ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ ਸੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਲਵਪ੍ਰੀਤ ਸਿੰਘ, ਸਿਕੰਦਰ ਕੁਮਾਰ ਉਰਫ਼ ਗੋਲਾ ਅਤੇ ਓਂਕਾਰਪ੍ਰੀਤ ਉਰਫ਼ ਜਸ਼ਨ, ਤਿੰਨੋਂ ਵਾਸੀ ਪਿੰਡ ਸ਼ਾਹਬਾਦ, ਬਟਾਲਾ, ਗਗਨਦੀਪ ਉਰਫ਼ ਗਿਆਨੀ, ਵਾਸੀ ਗਾਂਧੀ ਕੈਂਪ, ਬਟਾਲਾ ਅਤੇ ਮਹਿਕਪ੍ਰੀਤ ਸਿੰਘ, ਵਾਸੀ ਅੰਮ੍ਰਿਤਸਰ ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਕੈਦੀ ਗੈਂਗਸਟਰ ਜੱਗੂ ਭਗਵਾਨਪੁਰੀਆ, ਜੋ ਕਿ ਇਸ ਸਮੇਂ ਸਿਲਚਰ ਜੇਲ੍ਹ (ਅਸਾਮ) ਵਿੱਚ ਬੰਦ ਹੈ, ਨੇ ਹਾਲ ਹੀ ਵਿੱਚ ਹੋਏ ਆਪਣੀ ਮਾਂ ਦੇ ਕਤਲ ਦਾ ਬਦਲਾ ਲੈਣ ਲਈ ਇੱਕ ਕਥਿਤ ਵਿਰੋਧੀ ਗੈਂਗ ਮੈਂਬਰ ਦੀ ਟਾਰਗੇਟ



ਕਿਲਿੰਗ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚੀ ਸੀ। ਡੀਜੀਪੀ ਨੇ ਕਿਹਾ ਕਿ ਜੱਗੂ ਭਗਵਾਨਪੁਰੀਆ ਆਪਣੇ ਅਮਰੀਕਾ ਅਧਾਰਤ ਸਾਥੀ ਹੁਸਨਦੀਪ ਸਿੰਘ ਰਾਹੀਂ ਇਸ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਿਹਾ ਸੀ, ਜਿਸ ਤਹਿਤ ਉਸਨੇ ਲਵਪ੍ਰੀਤ ਸਿੰਘ ਸਮੇਤ ਗਰਾਊਂਡ ਹੈਂਡਲਰਾਂ ਅਤੇ ਨਿਸ਼ਾਨੇਬਾਜ਼ਾਂ ਨਾਲ ਤਾਲਮੇਲ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ। ਦੱਸਣਯੋਗ ਹੈ ਕਿ ਇਸ ਕਾਰਵਾਈ ਵਿੱਚ ਪਹਿਲੀ ਸਫਲਤਾ ਉਦੋਂ ਮਿਲੀ ਜਦੋਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਅੰਮ੍ਰਿਤਸਰ ਦਿਹਾਤੀ ਮਨਿੰਦਰ ਸਿੰਘ ਦੀ ਅਗਵਾਈ ਹੇਠ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਇੱਕ ਵਿਅਕਤੀ, ਜਿਸਦੀ ਪਛਾਣ ਮਹਿਕਪ੍ਰੀਤ ਸਿੰਘ ਵਜੋਂ ਹੋਈ, ਨੂੰ ਗ੍ਰਿਫ਼ਤਾਰ ਕੀਤਾ। ਪੁੱਛਗਿੱਛ ਉਪਰੰਤ ਉਸ ਨੇ ਖੁਲਾਸਾ ਕੀਤਾ ਕਿ ਸਿਕੰਦਰ ਕੁਮਾਰ ਉਰਫ ਗੋਲਾ ਨੂੰ ਨਿਸ਼ਾਨੇਬਾਜ਼ਾਂ ਅਤੇ ਹੱਤਿਆ ਦੀ ਯੋਜਨਾ ਬਾਰੇ ਮਹੱਤਵਪੂਰਨ ਜਾਣਕਾਰੀ ਹੈ। ਬਟਾਲਾ ਦੇ ਐਸਐਸਪੀ ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ ਇਸ ਜਾਣਕਾਰੀ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਬਟਾਲਾ ਪੁਲਿਸ ਨੇ ਸਿਕੰਦਰ ਕੁਮਾਰ ਦਾ ਪਤਾ ਲਗਾਇਆ ਅਤੇ ਉਸਨੂੰ ਉਸਦੇ ਸਹਿਯੋਗੀ ਓਂਕਾਰਪ੍ਰੀਤ ਉਰਫ਼ ਜਸ਼ਨ ਸਮੇਤ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਹੋਰ ਪੁੱਛਗਿੱਛ ਤੋਂ ਬਾਅਦ ਉਸਦੇ ਇੱਕ ਹੋਰ ਸਾਥੀ ਗਗਨਦੀਪ ਉਰਫ਼ ਗਿਆਨੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਲਗਾਤਾਰ ਪੁੱਛਗਿੱਛ ਦੌਰਾਨ ਦੋਸ਼ੀ ਸਿਕੰਦਰ ਕੁਮਾਰ ਨੇ ਖੁਲਾਸਾ ਕੀਤਾ ਕਿ ਇਸ ਸਾਜ਼ਿਸ਼ ਨੂੰ ਲਵਪ੍ਰੀਤ ਸਿੰਘ, ਜੋ ਕਿ ਮੁੱਖ ਸਾਜਿਸ਼ਕਰਤਾ ਸੀ, ਵੱਲੋਂ ਕੰਟਰੋਲ ਕੀਤਾ ਜਾ ਰਿਹਾ ਸੀ, ਜਿਸਨੂੰ ਆਖਰਕਾਰ ਬਟਾਲਾ ਪੁਲਿਸ ਨੇ ਇੱਕ ਵੱਖਰੇ ਆਪ੍ਰੇਸ਼ਨ ਵਿੱਚ ਗ੍ਰਿਫ਼ਤਾਰ ਕਰ ਲਿਆ। ਐਸਐਸਪੀ ਨੇ ਦੱਸਿਆ ਕਿ ਦੋਸ਼ੀ ਲਵਪ੍ਰੀਤ ਨੇ ਖੁਲਾਸਾ ਕੀਤਾ ਕਿ ਸਾਰੀ ਯੋਜਨਾ ਜੱਗੂ ਦੇ ਨਜ਼ਦੀਕੀ ਸਾਥੀ ਹੁਸਨਦੀਪ ਸਿੰਘ, ਜੋ ਕਿ ਅਮਰੀਕਾ ਵਿੱਚ ਹੈ, ਵੱਲੋਂ ਰਚੀ ਜਾ ਰਹੀ ਸੀ। ਉਨ੍ਹਾਂ ਅੱਗੇ ਕਿਹਾ ਕਿ ਸਾਜ਼ਿਸ਼ ਦਾ ਉਦੇਸ਼ ਇੱਕ ਕਥਿਤ ਵਿਰੋਧੀ ਗਿਰੋਹ ਦੇ ਮੈਂਬਰ ਨੂੰ ਖਤਮ ਕਰਨਾ ਸੀ। ਇਸ ਸਬੰਧੀ ਬਟਾਲਾ ਥਾਣਾ ਰੰਗੜ ਨੰਗਲ ਵਿਖੇ ਅਸਲਾ ਐਕਟ ਦੀ ਧਾਰਾ 25 ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 61(2) ਅਤੇ 111 ਤਹਿਤ ਐਫਆਈਆਰ ਨੰਬਰ 80/2025 ਦਰਜ ਕੀਤੀ ਗਈ ਹੈ।

# SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK




1003 Moffat Blvd,
Manteca CA 95336

209-239-1551



Chevron

# TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ

We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)

ਇਥੇ
ਪੰਜਾਬੀ ਰੈਸਟੋਰੈਂਟ
ਵੀ ਹੈ ਅਤੇ ਹਰ ਵੇਲੇ
ਪੰਜਾਬੀ ਖਾਣਾ ਮਿਲਦਾ ਹੈ।

Contact :
BALRAJ SINGH PANNU
541-942-0105

Chevron

1250, Gateway Blvd. Cottage, OR 97424,
Ph : 541-942-4142 Fax : 541-942-9668



# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

PREETI PANNU
(541) 369-2801
FAX (541) 369-3810

33180 HWY 228 HALSEY, OR 97348

GHUMAN
LAW GROUP INC.

# Ghuman Law Group
## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency
CST # 207524-40

Special Fares To India From West-coast (us) On Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA

## ਕੈਲੀਫੋਰਨੀਆ ਵਿੱਚ ਪ੍ਰਵਾਸੀਆਂ ਦੀ ਫੜੋਫੜੀ 'ਤੇ ਜੱਜ ਨੇ ਲਾਈ ਆਰਜੀ ਰੋਕ ਸੰਘੀ ਅਧਿਕਾਰੀਆਂ ਨੂੰ ਛਾਪਾ ਮਾਰਨ ਤੋਂ ਪਹਿਲਾਂ ਜਾਇਜ਼ ਕਾਰਨ ਦੱਸਣ ਲਈ ਕਿਹਾ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਪੂਰੇ ਦੱਖਣੀ ਕੈਲੀਫੋਰਨੀਆ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਗੈਰ ਕਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਜਨਤਿਕ ਤੇ ਕੰਮ ਵਾਲੀਆਂ ਥਾਵਾਂ ਉਪਰ ਛਾਪੇ ਮਾਰਨ ਕਾਰਨ ਬਣੇ ਬੇਯਕੀਨੀ ਵਾਲੇ ਮਾਹੌਲ ਦੇ ਦਰਮਿਆਨ ਇਕ ਜੱਜ ਨੇ ਆਰਜੀ ਤੌਰ 'ਤੇ ਪ੍ਰਵਾਸੀਆਂ ਵਿਰੁੱਧ ਕਾਰਵਾਈ 'ਤੇ ਰੋਕ ਲਾ ਦਿੱਤੀ ਹੈ। ਜੱਜ ਨੇ ਦਾਇਰ ਇਕ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੰਘੀ ਅਧਿਕਾਰੀਆਂ ਨੂੰ ਕਿਹਾ ਹੈ ਕਿ ਲਾਸ ਏਂਜਲਸ ਸਮੇਤ ਕੈਲਫੋਰਨੀਆ ਦੇ ਕੇਂਦਰੀ ਜਿਲੇ ਵਿਚ ਪ੍ਰਵਾਸੀਆਂ ਦੀਆਂ ਗ੍ਰਿਫਤਾਰੀਆਂ ਤੋਂ ਪਹਿਲਾਂ ਇਸ ਸਬੰਧੀ ਉਚਿੱਤ ਕਾਰਨ ਦੱਸਿਆ ਜਾਵੇ। ਜੱਜ ਨੇ ਕਿਹਾ ਕਿ ਜਾਤ, ਨਸਲ , ਧਰਮ ਜਾਂ ਭਾਸ਼ਾ ਦੇ ਆਧਾਰ 'ਤੇ ਕਿਸੇ ਨੂੰ ਵੀ ਗ੍ਰਿਫਤਾਰ ਨਾ ਕੀਤਾ ਜਾਵੇ। ਜੱਜ ਦੇ ਇਹ ਆਦੇਸ਼ ਬੀਤੇ ਦਿਨ ਭੰਗ ਦੇ ਇਕ ਫਾਰਮ ਤੋਂ ਅੰਦਾਜਨ 200 ਪ੍ਰਵਾਸੀਆਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਆਏ ਹਨ। ਬਿਨਾਂ ਕੋਈ ਕਾਰਨ ਦੱਸੇ ਪ੍ਰਵਾਸੀਆਂ ਦੀ ਫੜੋਫੜੀ ਕਾਰਨ ਪ੍ਰਵਾਸੀ ਕਾਮਿਆਂ ਤੇ ਸੰਘੀ ਅਧਿਕਾਰੀਆਂ ਵਿਚਾਲੇ ਟਕਰਾਅ ਵਾਲੇ ਹਾਲਾਤ ਬਣ ਗਏ ਹਨ। ਛਾਪੇ ਦੌਰਾਨ ਸੰਘੀ ਏਜੰਟਾਂ ਉਪਰ ਹਮਲਾ ਹੋਣ ਦੀ ਵੀ ਖਬਰ ਹੈ। ਲਾਏ ਏਂਜਲਸ ਵਿੱਚ ਇਸ ਛਾਪੇਮਾਰੀ ਵਿਰੁੱਧ ਪ੍ਰਦਰਸ਼ਨ ਵੀ ਕੀਤਾ ਗਿਆ ਹੈ ਜਿਸ ਵਿੱਚ ਕਿਰਤੀਆਂ, ਧਾਰਮਿਕ ਆਗੂਆਂ ਤੇ ਪ੍ਰਵਾਸੀ ਹੱਕਾਂ ਦੇ ਅਲੰਬਰਦਾਰਾਂ ਨੇ ਟਰੰਪ ਪ੍ਰਸਾਸ਼ਨ ਦੀ ਕਰੜੀ ਨਿੰਦਾ ਕੀਤੀ। ਲਾਸ ਏਂਜਲਸ ਦੀ ਮੇਅਰ ਕਾਰੇਨ ਬਾਸ ਨੇ ਪ੍ਰਵਾਸੀ ਭਾਈਚਾਰਿਆਂ ਦੇ ਹੱਕਾਂ ਦੀ ਰਾਖੀ ਲਈ ਇਕ ਆਦੇਸ਼ ਉਪਰ ਦਸਤਖਤ ਕੀਤੇ ਹਨ। ਉਨਾਂ ਇਮੀਗ੍ਰਸ਼ੇਨ ਅਧਿਕਾਰੀਆਂ ਉਪਰ ਦੋਸ਼ ਲਾਇਆ ਕਿ ਉਹ ਗੁੰਡਿਆਂ ਵਾਂਗ ਵਿਵਹਾਰ ਕਰ ਰਹੇ ਹਨ।

## ਦਰਾਮਦ-ਬਰਾਮਦ ਘੁਟਾਲੇ ਵਿੱਚ ਭਗੌੜੀ ਭਾਰਤੀ ਮੋਨਿਕਾ ਕਪੂਰ ਨੂੰ ਕੀਤਾ ਭਾਰਤ ਹਵਾਲੇ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ



2002 ਵਿਚ ਦਰਾਮਦ-ਬਰਾਮਦ ਘੁਟਾਲੇ ਸਬੰਧੀ ਦਾਇਰ ਇਕ ਮਾਮਲੇ ਵਿੱਚ ਭਗੌੜੀ ਭਾਰਤੀ ਔਰਤ ਮੋਨਿਕਾ ਕਪੂਰ ਨੂੰ ਅਮਰੀਕਾ ਨੇ ਭਾਰਤ ਦੇ ਹਵਾਲੇ ਕਰ ਦਿੱਤਾ ਹੈ। ਮੈਸਰਜ ਮੋਨਿਕਾ ਓਵਰਸੀਜ ਦੀ ਮਾਲਕਣ ਮੋਨਿਕਾ ਕਪੂਰ ਨੂੰ ਸੀ.ਬੀ ਆਈ ਦੇ ਸਪੁਰਦ ਕੀਤਾ ਗਿਆ। ਮੋਨਿਕਾ ਕਪੂਰ ਦੀ ਹਵਾਲਗੀ ਦੋ ਦਹਾਕਿਆਂ ਬਾਅਦ ਸੰਭਵ ਹੋਈ ਹੈ। ਸੀ ਬੀ ਆਈ ਅਨੁਸਾਰ 1998 ਵਿੱਚ ਮੋਨਿਕਾ ਕਪੂਰ ਨੇ ਆਪਣੇ ਭਰਾਵਾਂ ਰਾਜਨ ਖੰਨਾ ਤੇ ਰਾਜੀਵ ਖੰਨਾ ਨਾਲ ਮਿਲ ਕੇ ਫਰਜੀ ਬਰਾਮਦ ਦਸਤਾਵੇਜ਼ ਬਣਾਏ। ਬਣਾਏ ਗਏ ਫਰਜੀ ਦਸਤਾਵੇਜਾਂ ਵਿੱਚ ਸ਼ਿੱਪਿੰਗ ਬਿੱਲ, ਚਲਾਨ ਤੇ ਬੈਂਕ ਸਰਟੀਫਿਕੇਟ ਸ਼ਾਮਿਲ ਹਨ ਜਿਨਾਂ ਦੇ ਆਧਾਰ 'ਤੇ ਉਨਾਂ ਨੇ ਕਰ ਮੁੱਕਤ ਸੋਨੇ ਦੀ ਦਰਾਮਦ ਵਾਸਤੇ ਲਾਇਸੰਸ ਪ੍ਰਾਪਤ ਕੀਤਾ। ਸੀ ਬੀ ਆਈ ਅਨੁਸਾਰ ਇਨਾਂ ਨੇ ਇਹ ਲਾਇਸੰਸ ਮੈਸਰਜ ਦੀਪ ਐਕਸਪੋਰਟਸ ਅਹਿਮਦਾਬਾਦ ਨੂੰ ਵੇਚ ਦਿੱਤਾ। ਮੈਸਰਜ ਦੀਪ ਐਕਸਪੋਰਟਸ ਨੇ ਇਸ ਲਾਇਸੰਸ ਦੇ ਆਧਾਰ 'ਤੇ ਟੈਕਸ ਮੁਕਤ ਸੋਨਾ ਦਰਾਮਦ ਕੀਤਾ ਜਿਸ ਕਾਰਨ ਸਰਕਾਰੀ ਖਜ਼ਾਨੇ ਨੂੰ ਵੱਡਾ ਨੁਕਸਾਨ ਪੁੱਜਾ। ਮੋਨਿਕ ਵਿਰੁੱਧ 24 ਅਪ੍ਰੈਲ 2010 ਨੂੰ ਗੈਰ ਜਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਰੈਡ ਕਾਰਨਰ ਨੋਟਿਸ ਜਾਰੀ ਹੋਇਆ ਸੀ।

## ਕੈਂਟੁਕੀ ਵਿੱਚ ਹੋਈ ਗੋਲੀਬਾਰੀ ਵਿੱਚ 2 ਔਰਤਾਂ ਦੀ ਮੌਤ ਅਤੇ 2 ਜ਼ਖ਼ਮੀ, ਮੁਕਾਬਲੇ ਵਿੱਚ ਹਮਲਾਵਰ ਵੀ ਮਾਰਿਆ ਗਿਆ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਲੈਕਸਿੰਗਟਨ, ਕੈਂਟੁਕੀ ਵਿੱਚ ਰਿਚਮੌਂਡ ਰੋਡ ਬੈਪਟਿਸਟ ਚਰਚ ਵਿੱਖੇ ਹੋਈ ਗੋਲੀਬਾਰੀ ਵਿੱਚ 2 ਔਰਤਾਂ ਦੀ ਮੌਤ ਹੋਣ ਤੇ 2 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ।

ਪੁਲਿਸ ਅਧਿਕਾਰੀਆਂ ਦੇ ਅਨੁਸਾਰ ਸ਼ਹਿਰ ਦੇ ਹਵਾਈ ਅੱਡੇ ਨੇੜੇ ਇੱਕ ਵਿਅਕਤੀ ਵੱਲੋਂ ਇੱਕ ਸੁਰੱਖਿਆ ਜਵਾਨ ਉਪਰ ਗੋਲੀਆਂ ਚਲਾਉਣ ਤੋਂ ਬਾਅਦ ਪੁਲਿਸ ਅਫਸਰਾਂ ਨੇ ਉਸ ਦਾ ਪਿੱਛਾ ਕੀਤਾ। ਲੈਕਸਿੰਗਟਨ ਪੁਲਿਸ ਮੁੱਖੀ ਲਾਰੈਂਸ ਵੈਦਰਜ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਰਿਚਮੌਂਡ ਰੋਡ ਬੈਪਟਿਸਟ ਚਰਚ ਵਿੱਖੇ ਪੁਲਿਸ ਦੀ ਜਵਾਬੀ ਕਾਰਵਾਈ ਵਿੱਚ ਹਮਲਾਵਰ ਮਾਰਿਆ ਗਿਆ।

ਜਦ ਕਿ ਮਰਨ ਤੋਂ ਪਹਿਲਾਂ ਉਸ ਵੱਲੋਂ ਕੀਤੀ ਗੋਲੀਬਾਰੀ ਵਿੱਚ 2 ਔਰਤਾਂ ਦੀ ਮੌਤ ਹੋ ਗਈ। ਹਮਲਾਵਰ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਮ੍ਰਿਤਕ ਔਰਤਾਂ ਦੀ ਪਛਾਣ ਕ੍ਰਿਸ਼ਟੀਨਾ ਕੋਮਬਸ (34) ਤੇ ਬੈਵਰਲੀ ਗੁਮ (72) ਵਜੋਂ ਹੋਈ ਹੈ। ਜ਼ਖਮੀਆਂ ਵਿੱਚੋਂ ਇਕ ਦੀ ਹਾਲਤ ਨਾਜ਼ੁਕ ਹੈ ਜਦ ਕਿ ਦੂਸਰੇ ਵਿਅਕਤੀ ਤੇ ਸੁਰੱਖਿਆ ਜਵਾਨ ਦੀ ਹਾਲਤ ਸਥਿੱਰ ਹੈ।

## ਟੈਕਸਾਸ ਵਿੱਚ ਫਿਰ ਆਇਆ ਹੜ, ਬਚਾਅ ਕਾਰਜ ਜੰਗੀ ਪੱਧਰ 'ਤੇ, ਭਾਰੀ ਬਾਰਿਸ਼ ਦੀ ਚਿਤਾਵਨੀ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਕੁਝ ਦਿਨ ਪਹਿਲਾਂ ਕੇਂਦਰੀ ਟੈਕਸਾਸ ਵਿੱਚ ਆਏ ਭਿਆਨਕ ਹੜ ਦੀ ਯਾਦ ਅਜੇ ਤਾਜਾ ਹੀ ਹੈ ਕਿ ਹੋਈ ਭਾਰੀ ਬਾਰਿਸ਼ ਕਾਰਨ ਉਥੇ ਫਿਰ ਹੜ ਆ ਗਿਆ ਹੈ।

ਟੈਕਸਾਸ ਦੇ ਗਵਰਨਰ ਗਰੇਗ ਅਬੋਟ ਨੇ ਕਿਹਾ ਹੈ ਕਿ ਸੈਨ ਸਾਬਾ, ਲੈਮਪਾਸਸ ਤੇ ਸ਼ਲੀਚੇਰ ਕਾਊਂਟੀਆਂ ਵਿੱਚ ਬਚਾਅ ਟੀਮਾਂ ਆਪਣਾ ਕੰਮ ਕਰ ਰਹੀਆਂ ਹਨ ਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਣ ਦੇ ਆਦੇਸ਼ ਦੇ ਦਿੱਤੇ ਗਏ ਹਨ। ਐਕਸ ਉਪਰ ਪਾਈ ਇਕ ਪੋਸਟ ਵਿੱਚ ਉਨਾਂ ਕਿਹਾ ਹੈ ਕਿ ਸਾਰੀਆਂ ਪ੍ਰਭਾਵਿਤ ਕਾਊਂਟੀਆਂ ਵਿੱਚ ਬਚਾਅ ਤੇ ਰਾਹਤ ਕਾਰਜ ਜਾਰੀ ਹਨ ਜਦ ਕਿ ਕੈਰਵਿਲੇ ਵਿੱਚ ਪਾਣੀ ਦਾ ਪੱਧਰ ਵਧ ਰਿਹਾ ਹੈ ਜਿਸ ਉਪਰ ਨਜਰ ਰੱਖੀ ਜਾ ਰਹੀ ਹੈ।

ਇਥੇ ਜਿਕਰਯੋਗ ਹੈ ਕਿ ਇਕ ਹਫਤੇ ਦੇ ਵਧ ਸਮੇ ਤੋਂ ਪਹਿਲਾਂ ਕੇਂਦਰੀ ਟੈਕਸਾਸ ਵਿੱਚ ਆਏ ਹੜ ਵਿੱਚ 120 ਤੋਂ ਵਧ ਮੌਤਾਂ ਹੋਈਆਂ ਸਨ ਤੇ ਗਰਮ ਰੁੱਤ ਦਾ ਲੱਗਾ ਛੋਟੀਆਂ ਬੱਚੀਆਂ ਦਾ ਕੈਂਪ ਬੁਰੀ ਤਰਾਂ ਪ੍ਰਭਾਵਿਤ ਹੋਇਆ ਸੀ । 30 ਤੋਂ ਵਧ ਬੱਚੀਆਂ ਮਾਰੀਆਂ ਗਈਆਂ ਸਨ ਜਦ ਕਿ ਅਜੇ ਕੁਝ ਲਾਪਤਾ ਹਨ ਜਿਨਾਂ ਦੇ ਬਚੇ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਇਸੇ ਦੌਰਾਨ ਕੌਮੀ ਮੌਸਮ ਸੇਵਾ ਨੇ ਭਾਰੀ ਬਾਰਿਸ਼ ਦੀ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ 2 ਤੋਂ 4 ਇੰਚ ਤੱਕ ਬਾਰਿਸ਼ ਹੋ ਸਕਦੀ ਹੈ ਜਦ ਕਿ ਕੁਝ ਚੋਣਵੇਂ ਖੇਤਰਾਂ ਵਿੱਚ 9 ਤੋਂ 12 ਇੰਚ ਤੱਕ ਬਾਰਿਸ਼ ਹੋਣ ਦੀ ਸੰਭਾਵਨਾ ਹੈ ਜਿਸ ਕਾਰਨ ਅਚਾਨਕ ਹੜ ਆ ਜਾਣ ਦਾ ਖਤਰਾ ਹੈ।

## ਡਾ. ਨਿਰਮਲ ਜੌੜਾ ਦਾ ਸਕਾਟਲੈਂਡ ਵਿੱਚ ਪੰਜ ਦਰਿਆ ਅਖ਼ਬਾਰ ਵੱਲੋਂ ਹੋਵੇਗਾ ਗੋਲਡ ਮੈਡਲ ਨਾਲ ਸਨਮਾਨ

### ਗਲਾਸਗੋ ਵਿਖੇ 24 ਜੁਲਾਈ ਨੂੰ ਹੋਵੇਗਾ ਸਨਮਾਨ ਤੇ ਰੂਬਰੂ ਸਮਾਗਮ

ਗਲਾਸਗੋ
ਮਨਦੀਪ ਖੁਰਮੀ ਹਿੰਮਤਪੁਰਾ



ਵਿਸ਼ਵ ਪ੍ਰਸਿੱਧ ਰੰਗਮੰਚ ਨਿਰਦੇਸ਼ਕ, ਵਿਅੰਗਕਾਰ, ਉੱਘੇ ਰੰਗਕਰਮੀ, ਨੌਜਵਾਨਾਂ ਲਈ ਪ੍ਰੇਰਨਾਦਾਇਕ ਸਖਸ਼ੀਅਤ ਡਾ: ਨਿਰਮਲ ਜੌੜਾ ਦਾ ਗਲਾਸਗੋ ਵਿਖੇ ਗੋਲਡ ਮੈਡਲ ਨਾਲ ਸਨਮਾਨ ਅਤੇ ਰੂਬਰੂ ਸਮਾਗਮ ਕਰਵਾਇਆ ਜਾ ਰਿਹਾ ਹੈ। ਪੰਜ ਦਰਿਆ ਅਖ਼ਬਾਰ ਟੀਮ ਵੱਲੋਂ 24 ਜੁਲਾਈ 2025 ਨੂੰ ਸੈਂਟਰਲ ਗੁਰੂਘਰ ਸਿੰਘ ਸਭਾ ਅੰਦਰ "ਸੈਂਟਰਲ ਮੇਲ ਮਿਲਾਪ ਸੈਂਟਰ" ਕਾਨਫਰੰਸ ਹਾਲ ਵਿੱਚ ਹੋਣ ਜਾ ਰਹੇ ਇਸ ਸਮਾਗਮ ਦੌਰਾਨ ਡਾ: ਨਿਰਮਲ ਜੌੜਾ ਆਪਣੇ ਜੀਵਨ ਸਫ਼ਰ ਬਾਰੇ ਚਾਨਣਾ ਪਾਉਣਗੇ। ਜਿਕਰਯੋਗ ਹੈ ਮਨਦੀਪ ਖੁਰਮੀ ਹਿੰਮਤਪੁਰਾ ਵੱਲੋਂ ਆਪਣੇ ਮਰਹੂਮ ਗੀਤਕਾਰ ਪਿਤਾ ਗੁਰਬਚਨ ਸਿੰਘ ਖੁਰਮੀ ਦੀ ਯਾਦ ਵਿੱਚ ਸਾਲਾਨਾ ਐਵਾਰਡ ਦੇ ਰੂਪ ਵਿੱਚ ਗੋਲਡ ਮੈਡਲ ਦੇਣ ਦਾ ਅਹਿਦ ਲਿਆ ਸੀ ਤੇ ਪਹਿਲੇ ਗੋਲਡ ਮੈਡਲ ਦਾ ਐਲਾਨ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਜੀ ਨੂੰ ਭੇਂਟ ਕਰਨ ਲਈ ਕੀਤਾ ਸੀ। ਜੱਗੀ ਕੁੱਸਾ ਜੀ ਦੇ ਸਨਮਾਨ ਲਈ ਬਹੁਤ ਜਲਦੀ ਸਮਾਗਮ ਉਲੀਕਿਆ ਜਾਵੇਗਾ ਪਰ ਇਸੇ ਸਮੇਂ ਦੌਰਾਨ ਹੀ ਸਕਾਟਲੈਂਡ ਦੌਰੇ 'ਤੇ ਆ ਰਹੇ ਡਾ: ਨਿਰਮਲ ਜੌੜਾ ਨੂੰ ਵੀ ਉਕਤ ਸਨਮਾਨ ਭੇਂਟ ਕੀਤਾ ਜਾਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਨਿਰਮਲ ਜੌੜਾ ਦਾ ਪੰਜਾਬੀ ਸੱਭਿਆਚਾਰ, ਸਾਹਿਤ ਤੇ ਰੰਗਮੰਚ ਦੇ ਖੇਤਰ ਵਿੱਚ ਬਹੁਤ ਵੱਡਾ ਸਥਾਨ ਹੈ। ਉਹਨਾਂ ਵੱਲੋਂ ਕੀਤੇ ਗਏ ਤੇ ਕੀਤੇ ਜਾ ਰਹੇ ਕਾਰਜਾਂ ਅੱਗੇ ਵੱਡੇ ਤੋਂ ਵੱਡੇ ਸਨਮਾਨ ਵੀ ਛੋਟੇ ਜਾਪਦੇ ਹਨ। ਨਿਰਮਲ ਜੌੜਾ ਅਜਿਹੀ ਮਿੱਠਬੋਲੜੀ ਸਖਸ਼ੀਅਤ ਹੈ, ਜਿਹਨਾਂ ਦੇ ਬੋਲ ਲੰਮਾ ਸਮਾਂ ਦੂਰਦਰਸ਼ਨ ਦੇ ਰੰਗਾਰੰਗ ਪ੍ਰੋਗਰਾਮ "ਲਿਸ਼ਕਾਰਾ" ਰਾਹੀਂ ਘਰ ਘਰ ਤੱਕ ਪਹੁੰਚਦੇ ਰਹੇ ਹਨ। ਇਸ ਸੰਬੰਧੀ ਪੰਜ ਦਰਿਆ ਅਖ਼ਬਾਰ ਟੀਮ ਵੱਲੋਂ ਕੀਤੀ ਇਕੱਤਰਤਾ ਦੌਰਾਨ ਮਨਦੀਪ ਖੁਰਮੀ ਹਿੰਮਤਪੁਰਾ, ਗੁਰਮੇਲ ਸਿੰਘ ਧਾਮੀ, ਵਰਿੰਦਰ ਖੁਰਮੀ, ਲਾਭ ਗਿੱਲ ਦੋਦਾ, ਵਿੱਕੀ ਸ਼ਰਮਾ, ਬਲਦੇਵ ਸਿੰਘ ਬਾਜਵਾ, ਤਾਰੀ ਬਾਸੀ, ਦਲਬਾਰਾ ਸਿੰਘ ਗਿੱਲ, ਰਾਣਾ ਦੁਸਾਂਝ, ਨਛੱਤਰ ਸਿੰਘ ਦੋਦਾ, ਬਿੱਟੂ ਗਲਾਸਗੋ ਆਦਿ ਸਹਿਯੋਗੀਆਂ ਵੱਲੋਂ ਸਕਾਟਲੈਂਡ ਵਸਦੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਗਈ ਕਿ ਨਿਰਮਲ ਜੌੜਾ ਜੀ ਦੇ ਸਨਮਾਨ ਅਤੇ ਰੂਬਰੂ ਸਮਾਗਮ ਵਿੱਚ ਹਾਜ਼ਰੀ ਜ਼ਰੂਰ ਭਰਨ।

Space available for Ad
Contact # +1 (209) 303-1260

## ਪਿੰਡ ਪੰਡੋਰੀ ਰਣ ਸਿੰਘ ਵਿਖੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਸਾਬਕਾ ਪੰਚਾਇਤ ਮੈਂਬਰ ਸਮੇਤ ਸੈਂਕੜੇ ਲੋਕ ਭਾਜਪਾ ਵਿੱਚ ਸ਼ਾਮਲ

ਤਰਨ ਤਾਰਨ
ਰਕੇਸ਼ ਨਈਅਰ



ਵਿਧਾਨ ਸਭਾ ਹਲਕਾ ਤਰਨਤਾਰਨ ਦੇ ਪਿੰਡ ਪੰਡੋਰੀ ਰਣ ਸਿੰਘ ਵਿਖੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਸੈਂਕੜੇ ਲੋਕ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ।ਸ਼ਾਮਲ ਹੋਣ ਵਾਲਿਆਂ ਵਿੱਚ ਸਾਬਕਾ ਮੈਂਬਰ ਪੰਚਾਇਤ ਜੋਗਿੰਦਰ ਸਿੰਘ,ਸਾਬਕਾ ਮੈਂਬਰ ਪੰਚਾਇਤ ਕੁਲਵੰਤ ਸਿੰਘ,ਸਤਨਾਮ ਸਿੰਘ,ਅਮਰ ਸਿੰਘ,ਗੁਰਦੇਵ ਸਿੰਘ,ਮੰਗਲ ਸਿੰਘ,ਸਕੱਤਰ ਸਿੰਘ,ਹਰਭਜਨ ਸਿੰਘ,ਹਰਤਾਜ ਸਿੰਘ,ਸੁਖਵਿੰਦਰ ਕੌਰ,ਸਰਬਜੀਤ ਕੌਰ,ਮਨਦੀਪ ਮਹੰਤ,ਜੋਗਿੰਦਰ ਸਿੰਘ,ਮੁਖਤਾਰ ਸਿੰਘ,ਅੰਗਰੇਜ ਸਿੰਘ,ਧਰਮਿੰਦਰ ਸਿੰਘ ਆਦਿ ਸੈਂਕੜੇ ਲੋਕਾਂ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਵੱਲੋਂ ਪਾਰਟੀ ਚਿੰਨ ਦੇ ਕੇ ਵਿਸੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ 'ਤੇ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਪੰਜਾਬ ਦੇ ਹਲਾਤਾਂ 'ਤੇ ਵਿਸਥਾਰ ਨਾਲ ਗੱਲ ਕੀਤੀ ਅਤੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਪੰਜਾਬ ਦੀ ਸੱਤਾ 'ਤੇ ਆਈ ਆਮ ਆਦਮੀ ਪਾਰਟੀ ਤੋਂ ਇਲਾਵਾ ਪਿਛਲੀਆਂ ਸਿਆਸੀ ਪਾਰਟੀ ਕਾਂਗਰਸ,ਅਕਾਲੀ ਦਲ ਵੱਲੋਂ ਕੀਤੀ ਜਾਂਦੀ ਰਹੀ ਗੰਦੀ ਸਿਆਸਤ ਤੋਂ ਜਾਣੂ ਕਰਵਾਇਆ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਆਪਣੀ ਕੁਰਸੀ ਖਾਤਰ ਇਨਾਂ ਸਿਆਸੀ ਲੋਕਾਂ ਨੇ ਪੰਜਾਬ ਨੂੰ ਬੁਰੀ ਤਰਾਂ ਪਛਾੜ ਦਿੱਤਾ ਹੈ ਅਤੇ ਕਰਜੇ ਦੇ ਬੋਝ ਹੇਠ ਦਬਾ ਕੇ ਆਪਣੇ ਅਰਬਾਂ ਖਰਬਾਂ ਦੇ ਕਾਰੋਬਾਰ ਖੜੇ ਕਰਕੇ ਲੋਕਾਂ ਦੀ ਆਰਥਿਕ ਸਥਿਤੀ ਅਤੇ ਹੋਂਦ ਨੂੰ ਖਤਰੇ ਵਿੱਚ ਪਾ ਦਿੱਤਾ ਹੈ।

ਇਸ ਮੌਕੇ 'ਤੇ ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ ਜਿਸ ਦਿਨ ਪੰਜਾਬ ਦੇ ਲੋਕ ਦੁਬਾਰਾ ਰੰਗਲਾ ਪੰਜਾਬ ਨੂੰ ਦੇਖਣਗੇ,ਕਿਉਂਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਪੰਜਾਬ ਦੇ ਹਲਾਤਾਂ ਨੂੰ ਸਹੀ ਕਰਨ ਦਾ ਜੋ ਸੁਪਨਾ ਲਿਆ ਹੈ ਉਹ ਜਲਦੀ ਹੀ ਪੂਰਾ ਹੋਣ ਜਾ ਰਿਹਾ ਹੈ।ਉਨਾਂ ਕਿਹਾ ਕਿ ਜਿਵੇਂ ਪਿੰਡ ਪੰਡੋਰੀ ਰਣ ਸਿੰਘ ਦੇ ਲੋਕਾਂ ਨੇ ਭਾਜਪਾ ਦੀਆਂ ਨੀਤੀਆਂ ਤੋਂ ਖੁਸ਼ ਅਤੇ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਆ ਕੇ ਲੋਕਾਂ ਦੀ ਸੇਵਾ ਕਰਨ ਦਾ ਮਨ ਬਣਾਇਆ ਹੈ।ਇਸੇ ਤਰਾਂ ਤਰਨਤਾਰਨ ਜ਼ਿਲ੍ਹੇ ਦੇ ਬਾਕੀ ਪਿੰਡਾਂ ਵਿੱਚ ਵੀ ਭਾਜਪਾ ਦਾ ਬੋਲਬਾਲਾ ਹੋ ਰਿਹਾ ਹੈ ਅਤੇ ਇਵੇਂ ਹੀ ਸਾਰਾ ਪੰਜਾਬ ਭਾਜਪਾ ਨੂੰ ਸੱਤਾ ਤੇ ਬਿਠਾਉਣ ਲਈ ਉਤਾਵਲਾ ਹੈ। ਇਸ ਮੌਕੇ 'ਤੇ ਜ਼ਿਲ੍ਹਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ,ਮੀਤ ਪ੍ਰਧਾਨ ਜਸਕਰਨ ਸਿੰਘ,ਮੀਤ ਪ੍ਰਧਾਨ ਸਤਨਾਮ ਸਿੰਘ ਭੁੱਲਰ,ਐਸਸੀ ਮੋਰਚਾ ਪ੍ਰਧਾਨ ਅਵਤਾਰ ਸਿੰਘ ਬੰਟੀ,ਸਰਕਲ ਪ੍ਰਧਾਨ ਦਿਲਬਾਗ ਸਿੰਘ ਖਾਰਾ,ਨਿਸ਼ਾਨ ਸਿੰਘ ਗਿਆਨ ਢਾਬੇ ਵਾਲੇ,ਮਾਸਟਰ ਬਲਦੇਵ ਸਿੰਘ ਮੰਡ,ਬਲਜਿੰਦਰ ਸਿੰਘ ਚੀਮਾ,ਸਕੱਤਰ ਸਿੰਘ,ਰਾਜ ਕੁਮਾਰ, ਬਲਧੀਰ ਸਿੰਘ,ਮਨਜਿੰਦਰ ਸਿੰਘ ਖਾਰਾ,ਪੰਚਾਇਤ ਮੈਂਬਰ ਗੁਰਪ੍ਰੀਤ ਸਿੰਘ ਤੋਂ ਇਲਾਵਾ ਹੋਰ ਵੀ ਪਾਰਟੀ ਆਗੂ ਸਾਹਿਬਾਨ ਮੌਜੂਦ ਸਨ।


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


GLOBAL DEFENCE SCHOOL
AIM FOR EXCELLENCE
CBSE PATTERN
ADMISSIONS OPEN for 2025-26
Nursery - VIII
Your search for the best school ends here
DAY CUM RESIDENTIAL SCHOOL
GLOBAL DEFENCE SCHOOL
HOSTEL
FACILITY AVAILABLE HERE
ਵਿਦੇਸ਼ ਵਿਚ ਕੰਮ ਕਰ ਰਹੇ ਮਾਤਾ-ਪਿਤਾ ਲਈ
ਆਪਣੇ ਬੱਚਿਆਂ ਨੂੰ ਪੰਜਾਬ ਵਿਚ
ਪੜ੍ਹਾਉਣ ਦਾ ਸੁਨਹਿਰੀ ਮੌਕਾ
FEATURES
3D Theater
CCTV Surveillance
Robotic Lab
School Cinema
Well regulated and disciplined life
Fully Furnished, Digital, Ventilated and Fully Air Conditioned Class Rooms
French Language
Happiness Lab
Smart Class Technology
A balanced and healthy diet
Health & Wellness Counselors
Boarding houses are equipped with all modern facilities
Loving and Caring Staff
International Standard of Outdoor & Indoor Sports
ਗਲੋਬਲ ਡਿਫੈਂਸ ਸਕੂਲ
ਨਾਭਾ-ਪਟਿਆਲਾ ਰੋਡ, ਰੱਖੜਾ
94174-36074
62800-57807
gdspatiala_2024@gmail.com


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Fire Damage Restoration
ਅਸੀਂ ਇਮਾਰਤ ਵਿਚ ਲੱਗੀ ਅੱਗ, ਸਵਾਹ ਦੇ ਲੱਗੇ ਦਾਗ ਕੰਧਾਂ, ਛਤਾਂ ਅਤੇ ਫ਼ਰਸ਼ ਤੋਂ ਮਸ਼ੀਨਾਂ ਨਾਲ ਸਾਫ਼ ਕਰਦੇ ਹਾਂ | ਅੱਗ ਲੱਗੇ ਘਰ ਦੀ ਹਵਾ ਮਸ਼ੀਨਾਂ ਨਾਲ ਸਾਫ਼ ਕਰਦੇ ਹਾਂ
Water Removal and Dehumidification
ਤੁਹਾਡੀ ਇਮਾਰਤ ਵਿੱਚ ਪਾਣੀ ਆ ਜਾਵੇ ਜਾਂ ਪਾਣੀ ਨਾਲ ਆਈ ਸਲਾਬ ਨੂੰ ਮਸ਼ੀਨ ਨਾਲ ਖਤਮ ਕਰਦੇ ਹਾਂ | ਸਾਰਾ ਪਾਣੀ ਕੱਢ ਕੇ ਜਾਗ੍ਹ ਨੂੰ ਸੁਕਾ ਕੇ ਖ਼ਰਾਬ ਹੋਇਆ ਸਮਾਨ ਜਾਂ floor ਨੂੰ ਇੰਸ਼ੂਰਾਂਸ ਕੰਪਨੀ ਕੋਲੋਂ Approval ਲੈ ਕੇ Remove ਕਰਦੇ ਹਾਂ,
Ozone and Hydroxyl, Neutralizing
ਅਸੀਂ ਘਰ ਅਤੇ Rental Property ਵਿਚੋਂ Ozone Hydroxyl ਮਸ਼ੀਨਾਂ ਨਾਲ ਮਸਾਲਿਆਂ ਜਾਂ ਸਿਗਰਟ ਦੀ ਬਦਬੂ ਖਤਮ ਕਰਦੇ ਹਾਂ
Mold-Biohazard Remediation
ਘਰ ਵਿਚ ਜੇਕਰ ਕਿਸੇ ਕਾਰਨ ਕਰਕੇ Mold ਆ ਜਾਂਦੀ ਹੈ ਤਾਂ ਅਸੀਂ Mold ਨੂੰ ਹਟਾ ਵੀ ਸਕਦੇ ਹਾਂ ਅਤੇ ਭਵਿੱਖ ਵਿੱਚ ਕਦੇ ਦੋਬਾਰਾ Mold ਨਾ ਆ ਸਕੇ ਉਸ ਦਾ ਵੀ ਅਸੀਂ ਪ੍ਰਬੰਧ ਕਰਦੇ ਹਾਂ ਤਾਂ ਕਿ ਦੱਮੇ (ਸਾਹ) ਦੀ ਬਿਮਾਰੀ ਜਾਂ ਹੋਰ ਕੋਈ ਬਿਮਾਰੀ ਨਾ ਆ ਸਕੇ
Carpet and Hard Floor Cleaning and Care
Carpet ਜਾਂ Hard Floor ਦੀ ਸਫ਼ਾਈ ਅਤੇ ਸਾਂਭ-ਸੰਭਾਲ ਵੀ ਕਰਦੇ ਹਾਂ
Stain Removal, Stain Resistance Applications
ਅੱਗ ਲੱਗਣ,ਧੂਆਂ ਹੋਣ ਜਾਂ ਸਵਾਹ ਖਿੱਲਰ ਜਾਵੇ ਅਸੀਂ ਤੁਹਾਡੀ ਸਫਾਈ ਕਰਦੇ ਹਾਂ
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਬੈਂਟਿੰਗ ਹਾਊਸ ਕੈਨੇਡਾ 'ਚ ਸੋਨੀਆ ਸਿੱਧੂ ਦੇ ਸ਼ੂਗਰ ਦੇ ਇਲਾਜ਼ ਲਈ ਪੁੱਟੇ ਸ਼ਲਾਘਾਯੋਗ ਯੋਗਦਾਨ ਲਈ ਨਾਂ ਦੀ ਇੱਟ ਲੱਗੀ



ਸ਼ੂਗਰ ਅਰੋਗ (ਡਾਇਬਟੀਜ਼) ਕੈਨੇਡਾ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਵਿੱਤੀ ਤੌਰ 'ਤੇ ਪੁਰਾਣੀਆਂ ਬਿਮਾਰੀਆਂ ਵਿੱਚੋਂ ਇੱਕ ਹੈ, ਜਿਸ ਵਿੱਚ ਹਰ ਸਾਲ ਲਗਭਗ 201,000 ਨਵੇਂ ਨਿਦਾਨ ਹੁੰਦੇ ਹਨ। ਡਾਇਬਟੀਜ਼ ਕੈਨੇਡਾ ਦੀ ਰਿਪੋਰਟ ਹੈ ਕਿ ਸਾਲ 2000 ਤੋਂ ਕੈਨੇਡੀਅਨਾਂ ਵਿੱਚ ਸ਼ੂਗਰ ਦਾ ਪ੍ਰਸਾਰ ਦੁੱਗਣਾ ਹੋ ਗਿਆ ਹੈ, ਲਗਭਗ 30 ਪ੍ਰਤੀਸ਼ਤ ਆਬਾਦੀ ਲਗਭਗ 12 ਮਿਲੀਅਨ ਵਿਅਕਤੀ ਸ਼ੂਗਰ ਜਾਂ ਪ੍ਰੀਡਾਇਬੀਟੀਜ਼ ਤੋਂ ਪ੍ਰਭਾਵਿਤ ਹਨ।

ਇਲਾਜ ਲੱਭਣ ਲਈ, ਨੈਸ਼ਨਲ ਫਰੇਮਵਰਕ ਫਾਰ ਡਾਇਬਟੀਜ਼, ਜਿਸਨੂੰ ਬਿੱਲ ਸੀ-237 ਵਜੋਂ ਜਾਣਿਆ ਜਾਂਦਾ ਹੈ, ਨੂੰ ਬ੍ਰੈਂਪਟਨ ਸਾਊਥ ਤੋਂ ਲਿਬਰਲ ਸੰਸਦ ਮੈਂਬਰ ਸੋਨੀਆ ਸਿੱਧੂ ਦੁਆਰਾ ਪੇਸ਼ ਕੀਤਾ ਗਿਆ ਸੀ, ਅਤੇ 29 ਜੂਨ, 2021 ਨੂੰ ਲਾਗੂ ਕੀਤਾ ਗਿਆ ਸੀ। ਬਿੱਲ ਨੂੰ ਸਾਰੇ ਰਾਜਨੀਤਿਕ ਪਾਰਟੀਆਂ ਵਲੋਂ ਸਰਬਸੰਮਤੀ ਨਾਲ ਸਮਰਥਨ ਪ੍ਰਾਪਤ ਹੋਇਆ ਸੀ ਜੋ ਕਿ ਸਿੱਧੂ ਅਤੇ ਵੱਖ-ਵੱਖ ਸ਼ੂਗਰ ਸੰਗਠਨਾਂ ਡਾਕਟਰਾਂ, ਵਕੀਲਾਂ, ਅਤੇ ਸੰਸਥਾਵਾਂ ਵਲੋਂ ਇਸ ਦਾ ਵੱਧ ਚੜ੍ਹ ਕੇ ਅਣਥੱਕ ਸਮਰਪਣ ਦਾ ਪ੍ਰਮਾਣ ਦਿੱਤਾ।

ਇਸ ਬਿਲ ਨਾਲ ਦੇਸ਼ ਭਰ ਵਿੱਚ ਸ਼ੂਗਰ ਦੇ ਇਲਾਜ਼ ਅਤੇ ਇਸ ਦੀ ਦੇਖਭਾਲ ਤੱਕ ਪਹੁੰਚ ਵਧੀ। ਕੈਨੇਡਾ ਦੇ ਸਿਹਤ ਮੰਤਰਾਲੇ ਨੇ ਡਾਇਬੀਟੀਜ਼ ਕੈਨੇਡਾ ਅਤੇ ਜੇਡੀਆਰਐਫ ਵਰਗੇ ਸੰਗਠਨਾਂ, ਆਦਿਵਾਸੀ ਸਮੂਹਾਂ ਅਤੇ ਵੱਖ-ਵੱਖ ਹਿੱਸੇਦਾਰਾਂ ਦੇ ਨਾਲ ਮਿਲ ਕੇ ਸ਼ੂਗਰ ਦੀ ਰੋਕਥਾਮ, ਇਲਾਜ ਅਤੇ ਪੁਨਰਵਾਸ ਯਤਨਾਂ ਨੂੰ ਵਧਾਉਣ ਦੇ ਉਦੇਸ਼ ਨਾਲ ਇੱਕ ਵਿਆਪਕ ਢਾਂਚਾ ਸਥਾਪਤ ਕੀਤਾ। ਇਸ ਨਾਲ ਸ਼ੂਗਰ ਦੀ ਰੋਕਥਾਮ ਅਤੇ ਇਲਾਜ ਵਿੱਚ ਲੱਗੇ ਸਿਹਤ ਸੰਭਾਲ ਪੇਸ਼ੇਵਰਾਂ ਲਈ ਲੋੜੀਂਦੀ ਸਿਖਲਾਈ, ਸਿੱਖਿਆ ਅਤੇ ਮਾਰਗਦਰਸ਼ਨ ਦੀ ਪਛਾਣ ਕਰਨ ਵਿੱਚ ਵੀ ਮਦਦ ਮਿਲੀ।

ਭਾਰਤ ਵਿੱਚ ਜਨਮੀ ਸੋਨੀਆ ਸਿੱਧੂ ਕੈਨੇਡਾ ਵਿੱਚ ਸ਼ੂਗਰ ਅਰੋਗ (ਡਾਇਬਟੀਜ਼) ਪਹਿਲਕਦਮੀ ਲਈ ਇੱਕ ਪ੍ਰਮੁੱਖ ਆਗੂ ਵਜੋਂ ਉੱਭਰੀ ਹੈ, 2015 ਤੋਂ ਬ੍ਰੈਂਪਟਨ ਸਾਊਥ ਲਈ ਸੰਸਦ ਮੈਂਬਰ ਵਜੋਂ ਸੇਵਾ ਨਿਭਾ ਰਹੀ ਹੈ। ਸਿਹਤ ਸੰਭਾਲ ਵਿੱਚ 18 ਸਾਲਾਂ ਦੇ ਤਜ਼ਰਬੇ ਦੇ ਨਾਲ, ਉਹ ਦੇਸ਼ ਦੀਆਂ ਸਿਹਤ ਸੰਭਾਲ ਜ਼ਰੂਰਤਾਂ ਦੀ ਡੂੰਘੀ ਸਮਝ ਨਾਲ ਲੈਸ ਰਾਜਨੀਤੀ ਵਿੱਚ ਦਾਖਲ ਹੋਈ ਸੀ।

ਸੋਮਵਾਰ ਸਵੇਰੇ, ਫਲੇਮ ਆਫ਼ ਹੋਪ ਦੀ 36ਵੀਂ ਵਰ੍ਹੇਗੰਢ ਮਨਾਉਣ ਲਈ ਲੰਡਨ ਦੇ ਬੈਂਟਿੰਗ ਹਾਊਸ ਨੈਸ਼ਨਲ ਹਿਸਟੋਰਿਕ ਸਾਈਟ, ਇਨਸੁਲਿਨ ਦੇ ਜਨਮ ਸਥਾਨ, ਦੇ ਬਾਹਰ ਉਹਨ ਨੂੰ ਉਹਨਾਂ ਦੇ ਨਾਂ ਦੀ ਇੱਟ ਲਗਾ ਕੇ ਉਹਨਾਂ ਨੂੰ ਸਨਮਾਨ ਕੀਤਾ ਗਿਆ। ਜੋ ਇਹ ਬ੍ਰੈਂਪਟਨ ਸਾਊਥ ਲਈ ਸੰਸਦ ਮੈਂਬਰ ਸੋਨੀਆ ਸਿੱਧੂ ਨੂੰ ਸ਼ੂਗਰ ਦਾ ਇਲਾਜ ਲੱਭਣ ਲਈ ਉਸਦੇ ਸਮਰਪਿਤ ਵਕਾਲਤ ਯਤਨਾਂ ਅਤੇ ਵਚਨਬੱਧਤਾ ਲਈ ਮਾਨਤਾ ਪ੍ਰਾਪਤ ਹੋਈ।

ਦਰਅਸਲ, ਸ਼ੂਗਰ ਅਤੇ ਪੂਰਵ-ਸ਼ੂਗਰ ਇਸ ਵੇਲੇ 11 ਮਿਲੀਅਨ ਕੈਨੇਡੀਅਨਾਂ ਨੂੰ ਪ੍ਰਭਾਵਿਤ ਕਰਦੇ ਹਨ, ਜੋ ਕਿ ਆਬਾਦੀ ਦਾ ਲਗਭਗ ਇੱਕ ਤਿਹਾਈ ਹਿੱਸਾ ਹਨ, ਅਤੇ ਜੇਕਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਗੰਭੀਰ, ਜਾਨਲੇਵਾ ਪੇਚੀਦਗੀਆਂ ਪੈਦਾ ਕਰ ਸਕਦੇ ਹਨ। ਦੱਖਣੀ ਏਸ਼ੀਆਈ ਮੂਲ ਦੇ ਵਿਅਕਤੀ ਨਸਲੀ ਸਮੂਹਾਂ ਵਿੱਚੋਂ ਇੱਕ ਹਨ ਜਿਨ੍ਹਾਂ ਵਿੱਚ ਟਾਈਪ 2 ਸ਼ੂਗਰ ਦੇ ਵਿਕਾਸ ਦਾ ਬਹੁਤ ਵੱਡਾ ਜੋਖ਼ਮ ਹੈ। ਦੱਖਣੀ ਏਸ਼ੀਆਈ ਬੱਚਿਆਂ ਵਿੱਚ ਸ਼ੂਗਰ ਦੀ ਘਟਨਾ ਗੋਰੇ ਬਾਲਗਾਂ ਵਿੱਚ ਦੇਖੇ ਗਏ ਨਾਲੋਂ 2.3 ਗੁਣਾ ਵੱਧ ਹੈ, ਜੋ ਕਿ ਪ੍ਰਤੀ 100 ਵਿਅਕਤੀਆਂ ਵਿੱਚ ਸ਼ੂਗਰ ਦੇ 8.1 ਵਾਧੂ ਮਾਮਲਿਆਂ ਦੇ ਬਰਾਬਰ ਹੈ, ਜਿਵੇਂ ਕਿ ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਦੁਆਰਾ ਕਰਵਾਏ ਗਏ ਸਿਹਤ ਅਸਮਾਨਤਾਵਾਂ 'ਤੇ 2018 ਦੇ ਅਧਿਐਨ ਵਿੱਚ ਦੱਸਿਆ ਗਿਆ ਹੈ। ਪਹਿਲੀ ਪੀੜ੍ਹੀ ਦੇ 431,765 ਦੱਖਣੀ ਏਸ਼ੀਆਈ ਪ੍ਰਵਾਸੀਆਂ ਵਿੱਚੋਂ, 68,440 ਵਿਅਕਤੀਆਂ, ਜਾਂ 15.9 ਪ੍ਰਤੀਸ਼ਤ, ਨੂੰ ਸ਼ੂਗਰ ਦੀ ਜਾਂਚ ਮਿਲੀ।

ਉਮਰ, ਲਿੰਗ ਅਤੇ ਆਮਦਨੀ ਦੇ ਸਮਾਯੋਜਨ ਤੋਂ ਬਾਅਦ, ਇਹ ਪਾਇਆ ਗਿਆ ਕਿ ਦੱਖਣੀ ਏਸ਼ੀਆਈ ਮੂਲ ਦੇ ਸ਼੍ਰੀਲੰਕਾ ਦੇ ਲੋਕਾਂ ਵਿੱਚ ਸ਼ੂਗਰ ਦਾ ਸਭ ਤੋਂ ਵੱਧ ਪ੍ਰਸਾਰ 26.8 ਪ੍ਰਤੀਸ਼ਤ ਸੀ। ਇਸ ਦਰ ਤੋਂ ਬਾਅਦ ਬੰਗਲਾਦੇਸ਼ 22.2 ਪ੍ਰਤੀਸ਼ਤ, ਪਾਕਿਸਤਾਨ 19.6 ਪ੍ਰਤੀਸ਼ਤ, ਭਾਰਤ 18.3 ਪ੍ਰਤੀਸ਼ਤ ਅਤੇ ਨੇਪਾਲ 16.5 ਪ੍ਰਤੀਸ਼ਤ ਸੀ। ਗੈਰ-ਪ੍ਰਵਾਸੀਆਂ ਵਿੱਚ ਇਹ ਪ੍ਰਚਲਨ 11.6 ਪ੍ਰਤੀਸ਼ਤ ਸੀ।

ਦੱਖਣੀ ਏਸ਼ੀਆਈ ਆਬਾਦੀ ਵਿੱਚ ਸ਼ੂਗਰ ਦਾ ਵਧਦਾ ਪ੍ਰਚਲਨ ਵੱਖ-ਵੱਖ ਸਮਾਜਿਕ-ਜਨਸੰਖਿਆ ਸੂਚਕਾਂ ਨਾਲ ਸੰਬੰਧਿਤ ਹੈ, ਜਿਨ੍ਹਾਂ ਵਿੱਚ ਆਮਦਨ, ਸਿੱਖਿਆ, ਅੰਗਰੇਜ਼ੀ ਮੁਹਾਰਤ, ਸ਼ਰਨਾਰਥੀ ਸਥਿਤੀ ਅਤੇ ਹੋਰ ਕਾਰਕ ਸ਼ਾਮਲ ਹਨ। ਨਸਲੀ ਵਰਗੇ ਕਈ ਕਾਰਕ, ਟਾਈਪ 2 ਸ਼ੂਗਰ ਨਾਲ ਜੁੜੇ ਹੋ ਸਕਦੇ ਹਨ। ਦੱਖਣੀ ਏਸ਼ੀਆਈ ਲੋਕਾਂ ਤੋਂ ਇਲਾਵਾ, ਵੱਡੇ ਜੋਖਮ ਵਾਲੀਆਂ ਹੋਰ ਆਬਾਦੀਆਂ ਵਿੱਚ ਆਦਿਵਾਸੀ ਲੋਕਾਂ ਦੇ ਨਾਲ-ਨਾਲ ਅਫ਼ਰੀਕੀ, ਕੈਰੇਬੀਅਨ ਅਤੇ ਕਾਲੇ ਭਾਈਚਾਰਿਆਂ ਦੇ ਵਿਅਕਤੀ ਸ਼ਾਮਲ ਹਨ। ਵਰਤਮਾਨ ਵਿੱਚ, ਕੈਨੇਡਾ ਦੀ ਆਬਾਦੀ ਦਾ ਲਗਭਗ 20 ਪ੍ਰਤੀਸ਼ਤ ਵਧੇਰੇ-ਜੋਖਮ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਡਾਇਬੀਟੀਜ਼ ਕੈਨੇਡਾ ਦੇ ਅਨੁਸਾਰ, ਪਿਛਲੇ ਦਹਾਕੇ ਵਿੱਚ ਸ਼ੂਗਰ ਦਾ ਪ੍ਰਚਲਨ 50 ਪ੍ਰਤੀਸ਼ਤ ਤੋਂ ਵੱਧ ਉਭਰਿਆ ਹੈ, ਅਨੁਮਾਨਾਂ ਤੋਂ ਪਤਾ ਚੱਲਦਾ ਹੈ ਕਿ ਆਉਣ ਵਾਲੇ ਦਹਾਕੇ ਵਿੱਚ ਦਰਾਂ ਆਪਣੇ ਉੱਪਰ ਵੱਲ ਵਧਣ ਦੇ ਰਾਹ 'ਤੇ ਜਾਰੀ ਰਹਿਣਗੀਆਂ।

ਆਦਿਵਾਸੀ ਲੋਕਾਂ ਨੂੰ ਆਮ ਆਬਾਦੀ ਨਾਲੋਂ ਲਗਭਗ ਤਿੰਨ ਗੁਣਾ ਵੱਧ ਦਰ ਨਾਲ ਸ਼ੂਗਰ ਦੇ ਨਿਦਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਬਰੈਂਪਟਨ ਤੋਂ ਸੰਸਦ ਮੈਂਬਰ ਸੌਨੀਆ ਸਿੱਧੂ ਦਾਅਵਾ ਕਰਦੀ ਹੈ ਕਿ ਉਸਨੇ ਡਾਇਬਟੀਜ਼ ਦੇ ਡੂੰਘੇ ਪ੍ਰਭਾਵ ਨੂੰ ਖੁਦ ਦੇਖਿਆ ਹੈ ਅਤੇ ਇਸਦੀ ਰੋਕਥਾਮਯੋਗ ਪ੍ਰਕਿਰਤੀ ਤੋਂ ਜਾਣੂ ਹੈ। ਡਾਇਬਟੀਜ਼ ਆਪਣੇ ਆਪ ਵਿੱਚ ਮਹੱਤਵਪੂਰਨ ਚੁਣੌਤੀਆਂ ਪੇਸ਼ ਕਰਦੀ ਹੈ, ਪਰ ਇਹ ਭਵਿੱਖ ਵਿੱਚ ਹੋਰ ਗੰਭੀਰ ਪੇਚੀਦਗੀਆਂ ਵੀ ਪੈਦਾ ਕਰਦੀ ਹੈ। ਡਾਇਬਟੀਜ਼ ਨਾਲ ਪੀੜਤ ਵਿਅਕਤੀਆਂ ਨੂੰ ਦਿਲ ਦੇ ਦੌਰੇ, ਗੁਰਦੇ ਫੇਲ੍ਹ ਹੋਣ, ਸਟ੍ਰੋਕ ਅਤੇ ਅੰਗ ਕੱਟਣ ਕਾਰਨ ਹਸਪਤਾਲ ਵਿੱਚ ਦਾਖਲ ਹੋਣ ਦਾ ਵੱਧ ਖ਼ਤਰਾ ਹੁੰਦਾ ਹੈ।

ਉਨਟੈਰਿਉ ਵਿੱਚ ਪੀਲ ਖੇਤਰ, ਜੋ ਕਿ ਇੱਕ ਮਹੱਤਵਪੂਰਨ ਦੱਖਣੀ ਏਸ਼ੀਆਈ ਜਨਸੰਖਿਆ ਦੁਆਰਾ ਦਰਸਾਇਆ ਗਿਆ ਹੈ, ਵੱਖ-ਵੱਖ ਹੋਰ ਨਸਲੀ ਭਾਈਚਾਰਿਆਂ ਦੇ ਨਾਲ ਜੋ ਡਾਇਬਟੀਜ਼ ਪ੍ਰਤੀ ਵਧੀ ਹੋਈ ਕਮਜ਼ੋਰੀ ਨੂੰ ਪ੍ਰਦਰਸ਼ਿਤ ਕਰਦੇ ਹਨ, ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚੋਂ ਇੱਕ ਹੈ। ਸ਼ੂਗਰ ਨਾਲ ਸਬੰਧਤ ਵਿਅਕਤੀਆਂ ਅਤੇ ਘਟਨਾਵਾਂ ਦੀ ਯਾਦ ਵਿੱਚ ਬੈਂਟਿੰਗ ਹਾਊਸ ਦੇ ਆਲੇ-ਦੁਆਲੇ ਸੈਂਕੜੇ ਇੱਟਾਂ ਰੱਖੀਆਂ ਗਈਆਂ ਹਨ।

ਜਿਹਨਾਂ ਵਿਚ ਇਕ ਹੋਰ ਇੱਟ ਦਾ ਵਾਧਾ ਸਿੱਧੂ ਦੀ ਇਲਾਜ ਦੀ ਖੋਜ ਪ੍ਰਤੀ ਅਟੁੱਟ ਵਚਨਬੱਧਤਾ ਦਾ ਸਨਮਾਨ ਕਰਨ ਵਾਲੀ ਇੱਕ ਇੱਟ ਹੈ। ਸਿੱਧੂ ਨੇ ਕਿਹਾ ਕਿ ਜੇਕਰ ਇਲਾਜ ਦੀ ਖੋਜ ਕਰਨ ਨਾਲ ਇਸ ਦਾ ਟੀਕਾ ਮਿਲ ਜਾਂਦਾ ਹੈ ਤਾਂ ਬਿਨਾਂ ਸ਼ੱਕ ਹਰ ਕੋਈ ਇੱਕ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਜੀ ਸਕਦਾ ਹੈ।

ਸਾਂਝੀ ਸੋਚ
Surjit Singh Flora
6 Havelock Drive
Brampton, Canada
647-829-9397









EXIT
EXIT REALTY
CONSULTANTS
150 W.Yosemite Ave.,Manteca ,CA ,95336
ਵਪਾਰਕ, ਰਿਹਾਇਸ਼ੀ, ਉਦਯੋਗਿਕ, ਖੇਤੀਬਾੜੀਜ਼ਮੀਨਾਂ
(ਘਰ , ਖਾਲੀ ਜ਼ਮੀਨ ,ਫਾਰਮ ,ਸਟੇਸ਼ਨ )
ਵਾਜਬ ਰੇਟਾਂ ਤੇ ਵੇਚਣ ਜਾਂ ਖਰੀਦਣ ਲਈ
ਇਮਾਨਦਾਰ ਅਤੇ ਭਰੋਸੇਮੰਦ ਸੇਵਾਵਾਂ ਲਈ ਮਿਲੋ
Raman Bassi
Realtor DRE # 02162139
ਵਧੇਰੇ ਜਾਣਕਾਰੀ ਲਈ ਕਾਲ ਕਰੋ
Cell : 510-432-8122
Office : 209-823-1234
www.RamanBassi.EXITHOME.COM
RBassi@EXITHOME.com

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

*Where Hope Meets*

# IMMIGRATION OPPORTUNITIES

**USA SERVICES :**

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

**INDIAN SERVICES :**

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ





RE/MAX EXECUTIVE

ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

**Kirandeep Kaur**

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਤਕਨਾਲੋਜੀ ਕਲਾਸਰੂਮਾਂ ਵਿੱਚ ਐਨਈਪੀ 2020 ਦੇ ਦ੍ਰਿਸ਼ਟੀਕੋਣ ਨੂੰ ਹਕੀਕਤ ਵਿੱਚ ਬਦਲਣ ਵਿੱਚ ਮਦਦ ਕਰ ਰਹੀ ਹੈ

ਜਦੋਂ ਭਾਰਤ ਨੇ ਰਾਸ਼ਟਰੀ ਸਿੱਖਿਆ ਨੀਤੀ 2020 ਦਾ ਉਦਘਾਟਨ ਕੀਤਾ, ਤਾਂ ਇਹ ਅੱਜ ਦੇ ਸਿਖਿਆਰਥੀਆਂ ਦੀਆਂ ਜ਼ਰੂਰਤਾਂ ਲਈ ਸਿੱਖਿਆ ਨੂੰ ਮੁੜ ਆਕਾਰ ਦੇਣ ਵੱਲ ਇੱਕ ਦਲੇਰਾਨਾ ਕਦਮ ਸੀ। ਲਚਕਤਾ, ਰਚਨਾਤਮਕਤਾ, ਆਲੋਚਨਾਤਮਕ ਸੋਚ ਅਤੇ ਬਹੁਭਾਸ਼ਾਈਵਾਦ 'ਤੇ ਜ਼ੋਰ ਦੇ ਨਾਲ, ਨੀਤੀ ਦਾ ਉਦੇਸ਼ ਇੱਕ ਵਧੇਰੇ ਸਮਾਵੇਸ਼ੀ ਅਤੇ ਭਵਿੱਖ ਲਈ ਤਿਆਰ ਸਿੱਖਿਆ ਪ੍ਰਣਾਲੀ ਬਣਾਉਣਾ ਹੈ।ਹਾਲਾਂਕਿ, ਸਿਰਫ਼ ਨੀਤੀਆਂ ਹੀ ਕਲਾਸਰੂਮ ਅਭਿਆਸਾਂ ਨੂੰ ਨਹੀਂ ਬਦਲਦੀਆਂ। ਇਹੀ ਉਹ ਥਾਂ ਹੈ ਜਿੱਥੇ ਐਜੂਕੇਸ਼ਨਲ ਟੈਕਨਾਲੋਜੀ (ਐਡਟੈਕ) ਨੇ ਕਦਮ ਰੱਖਿਆ, ਦ੍ਰਿਸ਼ਟੀ ਅਤੇ ਹਕੀਕਤ ਵਿਚਕਾਰ ਇੱਕ ਸ਼ਕਤੀਸ਼ਾਲੀ ਪੁਲ ਵਜੋਂ ਕੰਮ ਕੀਤਾ। ਭਾਰਤ ਦੇ ਸਾਰੇ ਸਕੂਲਾਂ ਵਿੱਚ, ਤਕਨਾਲੋਜੀ ਅਸਲ ਤਬਦੀਲੀ ਨੂੰ ਸਮਰੱਥ ਬਣਾ ਰਹੀ ਹੈ, ਐਨਈਪੀ ਦੇ ਵਿਚਾਰਾਂ ਨੂੰ ਅਰਥਪੂਰਨ, ਮਾਪਣਯੋਗ ਅਤੇ ਸਮਾਵੇਸ਼ੀ ਤਰੀਕਿਆਂ ਨਾਲ ਜੀਵਨ ਵਿੱਚ ਲਿਆਉਣ ਵਿੱਚ ਮਦਦ ਕਰ ਰਹੀ ਹੈ।

ਰੱਟੇ ਨਾਲ ਸਿੱਖਣ ਤੋਂ ਪਰੇ ਐਨਈਪੀ 2020 ਯਾਦ ਰੱਖਣ ਤੋਂ ਅਨੁਭਵੀ, ਵਿਹਾਰਕ ਸਿੱਖਿਆ ਵੱਲ ਤਬਦੀਲੀ ਦੀ ਮੰਗ ਕਰਦਾ ਹੈ ਜੋ ਉਤਸੁਕਤਾ ਅਤੇ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਦਾ ਹੈ। ਇਹ ਡਿਜੀਟਲ ਸਰੋਤਾਂ ਤੱਕ ਬਰਾਬਰ ਪਹੁੰਚ ਦੀ ਜ਼ਰੂਰਤ ਨੂੰ ਵੀ ਉਜਾਗਰ ਕਰਦਾ ਹੈ, ਖਾਸ ਕਰਕੇ ਸਮਾਜਿਕ-ਆਰਥਿਕ ਤੌਰ 'ਤੇ ਵਾਂਝੇ ਸਮੂਹਾਂ ਲਈ ਤਕਨਾਲੋਜੀ ਵਰਚੁਅਲ ਲੈਬਾਂ, ਕੋਡਿੰਗ ਪਲੇਟਫਾਰਮਾਂ ਅਤੇ ਗੇਮੀਫਾਈਡ ਟੂਲਸ ਰਾਹੀਂ ਇਸ ਪਰਿਵਰਤਨ ਨੂੰ ਸਮਰੱਥ ਬਣਾਉਂਦੀ ਹੈ। ਭੌਤਿਕ ਵਿਗਿਆਨ ਲੈਬਾਂ ਤੋਂ ਬਿਨਾਂ ਸਕੂਲ ਵੀ ਹੁਣ ਔਨਲਾਈਨ ਪ੍ਰਯੋਗ ਕਰ ਸਕਦੇ ਹਨ। ਡਿਜ਼ਾਈਨ ਸੌਫਟਵੇਅਰ ਅਤੇ ਇੰਟਰਐਕਟਿਵ ਸਿਮੂਲੇਸ਼ਨ ਵਰਗੇ ਟੂਲ ਗਣਿਤ ਅਤੇ ਵਿਗਿਆਨ ਨੂੰ ਵਧੇਰੇ ਦਿਲਚਸਪ ਬਣਾ ਰਹੇ ਹਨ।ਐਜੂਕੇਸ਼ਨ ਵੀਕ ਦੁਆਰਾ 2023 ਦੇ ਇੱਕ ਸਰਵੇਖਣ ਵਿੱਚ ਪਾਇਆ ਗਿਆ ਕਿ ਪ੍ਰੋਜੈਕਟ-ਅਧਾਰਤ ਸਿਖਲਾਈ, ਜਿਸ ਵਿੱਚ ਅਸਲ-ਸੰਸਾਰ ਦੀਆਂ ਸਮੱਸਿਆਵਾਂ ਅਤੇ ਵਿਹਾਰਕ ਹੱਲ ਸ਼ਾਮਲ ਹਨ, ਸਿਖਿਆਰਥੀਆਂ ਦੇ ਆਲੋਚਨਾਤਮਕ ਸੋਚ ਦੇ ਹੁਨਰਾਂ ਨੂੰ 40% ਅਤੇ ਸਹਿਯੋਗ ਦੇ ਹੁਨਰਾਂ ਨੂੰ 30% ਵਧਾਉਂਦੀ ਹੈ। ਇਸ ਲਈ, ਪੇਂਡੂ ਖੇਤਰਾਂ ਵਿੱਚ ਸੀਬੀਐਸਈ ਅਤੇ ਆਈਸੀਐਸਈ ਸਕੂਲਾਂ ਤੱਕ ਹੁਣ ਤਕਨੀਕੀ ਤੌਰ 'ਤੇ ਵਧੀਆਂ ਨਵੀਨਤਾਵਾਂ ਦੇ ਪਹੁੰਚਣ ਨਾਲ, ਸਿੱਖਿਆ ਵਧੇਰੇ ਲੋਕਤੰਤਰੀ ਅਤੇ ਦਿਲਚਸਪ ਹੋਣ ਲਈ ਤਿਆਰ ਹੈ।ਸਕੂਲ ਛੱਡਣ ਦੀ ਦਰ ਘਟਾਓ ਐਨਈਪੀ 2020 ਦੇ ਪ੍ਰਗਤੀਸ਼ੀਲ ਪਹਿਲੂਆਂ ਵਿੱਚੋਂ ਇੱਕ ਇਹ ਹੈ ਕਿ ਇਸਦਾ ਮਾਤ ਭਾਸ਼ਾ ਜਾਂ ਖੇਤਰੀ ਭਾਸ਼ਾ ਦੀ ਹਦਾਇਤ 'ਤੇ ਜ਼ੋਰ ਦਿੱਤਾ ਜਾਂਦਾ ਹੈ, ਖਾਸ ਕਰਕੇ ਸ਼ੁਰੂਆਤੀ ਸਿੱਖਿਆ ਵਿੱਚ। ਇਹ ਪਹੁੰਚ ਨੌਜਵਾਨ ਸਿਖਿਆਰਥੀਆਂ ਨੂੰ ਵਧੇਰੇ ਆਰਾਮਦਾਇਕ ਅਤੇ ਆਪਣੇ ਪਾਠਾਂ ਨਾਲ ਜੁੜੇ ਮਹਿਸੂਸ ਕਰਨ ਵਿੱਚ ਮਦਦ ਕਰਦੀ ਹੈ।ਇਸ ਟੀਚੇ ਨੂੰ ਅੱਗੇ ਵਧਾਉਣ ਲਈ ਤਕਨਾਲੋਜੀ ਕੇਂਦਰੀ ਹੈ। ਕਈ ਸਿੱਖਿਆ ਕੰਪਨੀਆਂ ਅਤੇ ਗੈਰ-ਮੁਨਾਫ਼ਾ ਸੰਗਠਨ ਬਹੁ-ਭਾਸ਼ਾਈ ਵਿਦਿਅਕ ਐਪਸ, ਵੀਡੀਓ ਅਤੇ ਗੇਮਾਂ ਵਿਕਸਤ ਕਰ ਰਹੇ ਹਨ ਜੋ ਰਾਜ ਦੇ ਪਾਠਕ੍ਰਮ ਨਾਲ ਮੇਲ ਖਾਂਦੀਆਂ ਹਨ। ਇਹ ਸਾਧਨ ਸਕੂਲ ਛੱਡਣ ਦੀ ਦਰ ਨੂੰ ਘਟਾਉਣ ਅਤੇ ਸ਼ਮੂਲੀਅਤ ਵਧਾਉਣ ਵਿੱਚ ਮਦਦ ਕਰ ਰਹੇ ਹਨ, ਖਾਸ ਕਰਕੇ ਘੱਟ ਸੇਵਾ ਵਾਲੇ ਖੇਤਰਾਂ ਵਿੱਚ।ਸੰਪੂਰਨ ਮੁਲਾਂਕਣ ਪਰੰਪਰਾਗਤ ਪ੍ਰੀਖਿਆਵਾਂ ਅਕਸਰ ਸਮਝ ਨਾਲੋਂ ਯਾਦਦਾਸ਼ਤ ਨੂੰ ਇਨਾਮ ਦਿੰਦੀਆਂ ਹਨ, ਹਾਲਾਂਕਿ, ਐਨਈਪੀ 2020 ਯੋਗਤਾ-ਅਧਾਰਤ ਮੁਲਾਂਕਣਾਂ ਵੱਲ ਤਬਦੀਲੀ ਦੀ ਸਿਫ਼ਾਰਸ਼ ਕਰਦਾ ਹੈ, ਜਿੱਥੇ ਵਿਦਿਆਰਥੀਆਂ ਦਾ ਮੁਲਾਂਕਣ ਅਸਲ-ਜੀਵਨ ਦੀਆਂ ਸਥਿਤੀਆਂ ਵਿੱਚ ਗਿਆਨ ਨੂੰ ਲਾਗੂ ਕਰਨ ਦੀ ਉਨ੍ਹਾਂ ਦੀ ਯੋਗਤਾ ਦੇ ਆਧਾਰ 'ਤੇ ਕੀਤਾ ਜਾਂਦਾ ਹੈ।ਇਸ ਤਬਦੀਲੀ ਵਿੱਚ ਤਕਨਾਲੋਜੀ ਅਤੇ ਏਆਈ ਸਭ ਤੋਂ ਅੱਗੇ ਹਨ। ਪਲੇਟਫਾਰਮ ਹੁਣ ਅਨੁਕੂਲ ਕਵਿਜ਼, ਵਿਅਕਤੀਗਤ ਪਹੁੰਚ, ਡੇਟਾ-ਅਧਾਰਤ ਸੂਝ, ਤੁਰੰਤ ਫੀਡਬੈਕ, ਅਤੇ ਪ੍ਰਗਤੀ ਡੈਸ਼ਬੋਰਡ ਪੇਸ਼ ਕਰਦੇ ਹਨ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਦੀ ਮਦਦ ਕਰਦੇ ਹਨ। ਸੀਬੀਐਸਈ ਨੇ ਵਿਸ਼ਲੇਸ਼ਣ ਸਿਖਲਾਈ ਲਈ ਸਟ੍ਰਕਚਰਡ ਅਸੈਸਮੈਂਟ ਵਰਗੇ ਪ੍ਰੋਗਰਾਮ ਸ਼ੁਰੂ ਕੀਤੇ ਹਨ, ਜੋ ਬੁਨਿਆਦੀ ਸਾਖਰਤਾ, ਅੰਕਾਂ ਅਤੇ ਵਿਸ਼ਲੇਸ਼ਣਾਤਮਕ ਹੁਨਰਾਂ ਦਾ ਮੁਲਾਂਕਣ ਕਰਦੇ ਹਨ। ਅਜਿਹੇ ਮੁਲਾਂਕਣ ਅਧਿਆਪਕਾਂ ਨੂੰ ਸਿੱਖਣ ਦੇ ਅੰਤਰਾਂ ਦੀ ਜਲਦੀ ਪਛਾਣ ਕਰਨ ਅਤੇ ਹਦਾਇਤਾਂ ਨੂੰ ਨਿੱਜੀ ਬਣਾਉਣ ਵਿੱਚ ਮਦਦ ਕਰਦੇ ਹਨ, ਜਿਸ ਨਾਲ ਇੱਕ ਵਧੇਰੇ ਸਹਾਇਕ ਸਿੱਖਣ ਵਾਤਾਵਰਣ ਪੈਦਾ ਹੁੰਦਾ ਹੈ।ਅਧਿਆਪਕਾਂ ਨੂੰ ਸਸ਼ਕਤ ਬਣਾਉਣਾ ਐਨਈਪੀ 2020 ਇਸ ਗੱਲ ਨੂੰ ਸਵੀਕਾਰ ਕਰਦਾ ਹੈ ਕਿ ਅਧਿਆਪਕ ਸਥਾਈ ਵਿਦਿਅਕ ਤਬਦੀਲੀ ਦੀ ਕੁੰਜੀ ਹਨ। ਉਨ੍ਹਾਂ ਦਾ ਸਮਰਥਨ ਕਰਨ ਲਈ, ਪੇਸ਼ੇਵਰ ਵਿਕਾਸ, ਡਿਜੀਟਲ ਪਾਠ ਯੋਜਨਾਬੰਦੀ, ਅਤੇ ਪੀਅਰ ਲਰਨਿੰਗ ਲਈ ਕਈ ਡਿਜੀਟਲ ਟੂਲ ਉਪਲਬਧ ਹਨ। ਰਾਸ਼ਟਰੀ ਏਕੀਕ੍ਰਿਤ ਅਧਿਆਪਕ ਸਿਖਲਾਈ ਪ੍ਰੋਗਰਾਮ ਵਰਗੀਆਂ ਪਹਿਲਕਦਮੀਆਂ ਅਧਿਆਪਕਾਂ ਦੇ ਡਿਜੀਟਲ ਅਤੇ ਸਿੱਖਿਆ ਸ਼ਾਸਤਰੀ ਹੁਨਰਾਂ ਨੂੰ ਵਧਾਉਣ ਲਈ ਔਨਲਾਈਨ ਮਾਡਿਊਲ ਪ੍ਰਦਾਨ ਕਰਦੀਆਂ ਹਨ। ਅਜਿਹੇ ਪਲੇਟਫਾਰਮ ਅਧਿਆਪਕਾਂ ਨੂੰ ਸਹਿਯੋਗ ਕਰਨ, ਸਰੋਤ ਸਾਂਝੇ ਕਰਨ ਅਤੇ ਪ੍ਰਮਾਣੀਕਰਣ ਹਾਸਲ ਕਰਨ ਦੀ ਆਗਿਆ ਦਿੰਦੇ ਹਨ, ਜਿਸ ਨਾਲ ਉਨ੍ਹਾਂ ਨੂੰ ਐਨਈਪੀ ਦੁਆਰਾ ਕਲਪਨਾ ਕੀਤੀ ਗਈ ਤਬਦੀਲੀ ਦੀ ਅਗਵਾਈ ਕਰਨ ਲਈ ਸ਼ਕਤੀ ਮਿਲਦੀ ਹੈ।ਇਕੁਇਟੀ ਅਤੇ ਪਹੁੰਚ ਜਿੱਥੇ ਤਕਨਾਲੋਜੀ ਅਤੇ ਏਆਈ-ਸੰਚਾਲਿਤ ਹੱਲ ਪਰਿਵਰਤਨਸ਼ੀਲ ਸੰਭਾਵਨਾ ਪ੍ਰਦਾਨ ਕਰਦੇ ਹਨ, ਉਹ ਡਿਜੀਟਲ ਪਾੜੇ ਨੂੰ ਡੂੰਘਾ ਕਰਨ ਦੇ ਜੋਖਮ ਨੂੰ ਵੀ ਵਧਾਉਂਦੇ ਹਨ। ਐਨਈਪੀ 2020 ਇਸ ਨੂੰ ਪਛਾਣਦਾ ਹੈ ਅਤੇ ਪਹੁੰਚਯੋਗ ਬੁਨਿਆਦੀ ਢਾਂਚੇ ਅਤੇ ਘੱਟ-ਤਕਨੀਕੀ ਹੱਲਾਂ ਦੀ ਵਕਾਲਤ ਕਰਦਾ ਹੈ। ਪੀਐਮ ਈਵਿਦਿਆ ਪਹਿਲਕਦਮੀ ਨੇ ਟੀਵੀ, ਰੇਡੀਓ ਅਤੇ ਔਨਲਾਈਨ ਪਲੇਟਫਾਰਮਾਂ ਰਾਹੀਂ ਵਿਦਿਅਕ ਪਹੁੰਚ ਦਾ ਵਿਸਤਾਰ ਕੀਤਾ ਹੈ, ਇਹ ਯਕੀਨੀ ਬਣਾਉਂਦੇ ਹੋਏ ਕਿ ਇੰਟਰਨੈਟ ਪਹੁੰਚ ਤੋਂ ਬਿਨਾਂ ਵਿਦਿਆਰਥੀ ਪਿੱਛੇ ਨਾ ਰਹਿਣ। ਬਹੁਤ ਸਾਰੀਆਂ ਐਡਟੈਕ ਕੰਪਨੀਆਂ ਹਾਸ਼ੀਏ 'ਤੇ ਬੈਠੇ ਸਿਖਿਆਰਥੀਆਂ ਤੱਕ ਪਹੁੰਚਣ ਲਈ ਔਫਲਾਈਨ ਵਿਸ਼ੇਸ਼ਤਾਵਾਂ, ਹਲਕੇ ਐਪਸ ਅਤੇ ਡਿਵਾਈਸ ਦਾਨ ਪ੍ਰੋਗਰਾਮ ਵੀ ਡਿਜ਼ਾਈਨ ਕਰ ਰਹੀਆਂ ਹਨ।ਬਹੁ-ਭਾਸ਼ਾਈ ਸਿੱਖਿਆ ਤੋਂ ਲੈ ਕੇ ਅਨੁਭਵੀ ਸਿੱਖਿਆ ਸ਼ਾਸਤਰ ਤੱਕ, ਸੰਪੂਰਨ ਮੁਲਾਂਕਣ ਤੋਂ ਲੈ ਕੇ ਅਧਿਆਪਕ ਸਸ਼ਕਤੀਕਰਨ ਤੱਕ, ਤਕਨਾਲੋਜੀ ਸਿਰਫ਼ ਇੱਕ ਸਾਧਨ ਤੋਂ ਵੱਧ ਸਾਬਤ ਹੋ ਰਹੀ ਹੈ; ਇਹ ਪ੍ਰਣਾਲੀਗਤ ਤਬਦੀਲੀ ਲਈ ਇੱਕ ਉਤਪ੍ਰੇਰਕ ਹੈ। ਭਾਰਤ ਦਾ ਐਡਟੈਕ ਸੈਕਟਰ, ਜਿਸਦਾ ਮੁੱਲ 2023 ਵਿੱਚ $5.13 ਬਿਲੀਅਨ ਹੈ, 2030 ਤੱਕ $17.34 ਬਿਲੀਅਨ ਤੱਕ ਪਹੁੰਚਣ ਦਾ ਅਨੁਮਾਨ ਹੈ। ਪਰ ਸੰਖਿਆਵਾਂ ਤੋਂ ਪਰੇ, ਐਡਟੈਕ ਦੀ ਅਸਲ ਸਫਲਤਾ ਇਸ ਗੱਲ ਤੋਂ ਮਾਪੀ ਜਾਵੇਗੀ ਕਿ ਇਹ ਕਿੰਨੇ ਬੱਚਿਆਂ ਨੂੰ ਬਿਹਤਰ ਸਿੱਖਣ, ਵੱਡੇ ਸੁਪਨੇ ਦੇਖਣ ਅਤੇ ਹੋਰ ਅੱਗੇ ਪਹੁੰਚਣ ਵਿੱਚ ਮਦਦ ਕਰਦਾ ਹੈ।ਜਿਵੇਂ ਕਿ ਐਨਈਪੀ 2020 ਭਾਰਤ ਦੀ ਵਿਦਿਅਕ ਯਾਤਰਾ ਦਾ ਮਾਰਗਦਰਸ਼ਨ ਕਰਨਾ ਜਾਰੀ ਰੱਖਦਾ ਹੈ, ਹਮਦਰਦੀ, ਸਮਾਨਤਾ ਅਤੇ ਉੱਤਮਤਾ 'ਤੇ ਅਧਾਰਤ ਨੀਤੀ ਅਤੇ ਤਕਨਾਲੋਜੀ ਦਾ ਮਿਸ਼ਰਣ ਕਲਾਸਰੂਮਾਂ ਨੂੰ ਆਕਾਰ ਦੇਣ ਦੀ ਕੁੰਜੀ ਹੋਵੇਗਾ ਜੋ ਵਿਦਿਆਰਥੀਆਂ ਨੂੰ ਆਉਣ ਵਾਲੀ ਦੁਨੀਆ ਲਈ ਸੱਚਮੁੱਚ ਤਿਆਰ ਕਰਦੇ ਹਨ।



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ



# PAL FILMS & PHOTO BOOKS

*All Your Photo/Videography & Post Production needs Under One Roof*




Music Video | Pre Shoots | Weddings | Birthdays | Graduations
Stage Shows Or Any Kind Of Events | Customize Photobooks (upto 6 feet)
Video Editing VFX/DI/CC & Much More....

*Full Photo & Videography studio with Green Screen Blue Screen*

**PH: 925 489 3400, 341 356 1517**

**Email: palfilms@yahoo.com, palfilms925@gmail.com, www.palfilms.com**

**4007 Railroad Ave
Pittsburgh, CA 94565**


ALL YOUR PROPERTY & FINANCIAL NEEDS UNDER ONE ROOF
REVA BLUE
REALTY, INC
Lic #02059815
SPECIALIZING IN ALL TYPES OF
COMMERCIAL
and
RESIDENTIAL
Agriculture Land
Liquor Stores
Gas Stations
Apartments
Commercial Buildings
ਵਰਗੀਆਂ ਪ੍ਰੋਪਰਟੀਜ਼
ਖਰੀਦਣ ਜਾਂ ਵੇਚਣ ਦੇ
ਚਾਹਵਾਨ
ਇੱਕ ਵਾਰ ਸਾਨੂੰ ਮਿਲੋ
BLUESTONE
LENDING FIRM
WHERE YOUR DREAMS MEET THE RIGHT LOAN
ਕੀ ਤੁਸੀਂ ਆਪਣਾ ਘਰ Re-Finance
ਕਰਨਾ ਹੈ, ਘਰ ਖ਼ਰੀਦਣਾ ਹੈ ?
ਜਾਂ Business ਲੈਣਾ ਜਾਂ Re-Finance
ਕਰਨਾ, Working Capital ਲੈਣਾ ਹੈ ਤਾਂ
ਓਹਦੇ ਵਿੱਚ Bluestone ਤੁਹਾਨੂੰ
Assist ਕਰ ਸਕਦੀ ਹੈ |
SBA LOAN | FHA LOAN
CONVENTIONAL LOAN
HARD MONEY LOAN
PRIVATE LOAN
VA LOAN
Masters Club Life Member
SATNAM SINGH, MBA
DRE Lic #02059815
NMLS #2240863
Broker, Lic #01725504
(510) 926-5738
(209) 587-3644
Satnam2000@gmail.com
712 E Main St., Turlock, CA 95380
830 W Olive Ave, Suite D, Merced


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# MANI GREWAL

## FOR STANISLAUS COUNTY | DISTRICT 4 SUPERVISOR

ਸਤ ਸ੍ਰੀ ਅਕਾਲ

**Stanislaus County Supervisor District-4**

ਦੀ ਸੀਟ ਵਾਸਤੇ 2026 ਲਈ ਮਨੀ ਗਰੇਵਾਲ ਦੋਬਾਰਾ ਚੋਣ ਲੜਨ ਲਈ ਖੜੇ ਹੋਣ ਜਾ ਰਹੇ ਹਨ ਮਨੀ ਗਰੇਵਾਲ ਨੇ ਦਸੰਬਰ 2020 ਵਿੱਚ County Supervisor ਦਾ ਅਹੁਦਾ ਸੰਭਾਲਿਆ ਸੀ ਅਤੇ ਦੋਬਾਰਾ ਲੋਕਾਂ ਵਲੋਂ ਚੁਣ ਕੇ 2023 ਵਿੱਚ ਫਿਰ ਇਕ ਵਾਰ ਇਸ ਅਹੁਦੇ ਤੇ ਬਰਕਾਰ ਰਹੇ



4 ਸਾਲ ਦੀ ਟਰਮ ਪੂਰੀ ਹੋਣ ਤੇ 2026 ਦੇ ਜੂਨ ਮਹੀਨੇ ਦੀਆਂ ਪ੍ਰਾਇਮਰੀ ਚੋਣਾਂ ਲਈ ਓਸੇ ਹੀ District-4 ਤੋਂ ਦੋਬਾਰਾ ਮਨੀ ਗਰੇਵਾਲ ਚੋਣ ਲੜਨ ਲਈ ਖੜ੍ਹੇ ਹੋ ਰਹੇ ਹਨ।
ਪਿਛਲੇ 5 ਸਾਲਾਂ ਵਿੱਚ ਮਨੀ ਗਰੇਵਾਲ ਨੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਆਪਣੇ District ਦੇ ਲੋਕਾਂ ਦੀ ਸੇਵਾ ਕੀਤੀ ਹੈ
ਕਈ ਅਹਿਮ ਪ੍ਰੋਜੈਕਟਾਂ ਨੂੰ ਸਿਰੇ ਚਾੜ੍ਹਿਆ ਅਤੇ ਹੁਣ ਵੀ ਕਈ ਨਵੇਂ ਪ੍ਰੋਜੈਕਟਾਂ ਦੇ ਉੱਤੇ ਕੰਮ ਕਰ ਰਹੇ ਹਨ ਤਾਂ ਕਿ Stanislaus County Supervisor District-4 ਦੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ ਅਤੇ ਉਹਨਾਂ ਨੂੰ ਨਵੀਆਂ-ਨਵੀਆਂ ਸਹੂਲਤਾਂ ਦਿੱਤੀਆਂ ਜਾ ਸਕਣ।
ਮਨੀ ਗਰੇਵਾਲ ਇਕ ਵਧੀਆ ਅਤੇ ਮਿਹਨਤੀ ਪਰਿਵਾਰ ਨਾਲ ਸਬੰਧ ਰੱਖਦਾ ਹੈ ਮਨੀ ਗਰੇਵਾਲ ਨੇ Business Administration ਵਿੱਚ Bachelor of Science ਦੀ ਡਿਗਰੀ ਹਾਸਿਲ ਕੀਤੀ ਹੋਈ ਹੈ
ਇਸ ਤੋਂ ਵਧੀਆ ਉਮੀਦਵਾਰ ਤੁਹਾਡੇ District 4 ਲਈ ਕੋਈ ਹੋਰ ਨਹੀਂ ਹੋ ਸਕਦਾ




**ਮਨੀ ਗਰੇਵਾਲ ਵਲੋਂ ਸਾਰੇ ਭੈਣਾਂ-ਭਰਾਵਾਂ, ਬਜ਼ੁਰਗਾਂ-ਮਾਤਾਵਾਂ ਨੂੰ ਹੱਥ ਜੋੜ ਕੇ ਬੇਨਤੀ ਅਤੇ ਅਪੀਲ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ VOTE ਅਤੇ SUPORT ਮੈਨੂੰ ਦਿਓ**

**ਸਤ ਸ੍ਰੀ ਅਕਾਲ**

# ਚਸਕਾ-ਏ-ਕੁਰਸੀ

ਪ੍ਰਧਾਨਗੀ ਵਾਲੀ ਭਾਵਨਾ, ਹਰ ਥਾਂ ਭਾਰੂ ਜਾਪੇ,
ਦਿਸ ਰਹੇ ਦੁਨੀਆ 'ਚ, ਇਸ ਦੇ ਬੜੇ ਸਿਆਪੇ।

ਪਰ ਅਧੀਨ ਹੋ ਕੇ ਨਾ, ਕੋਈ ਅੱਜ ਰਹਿਣਾ ਚਾਹੇ,
ਜਿੱਥੇ ਵੀ ਹੋਵੇ ਕੁਰਸੀ, ਉਸ ਵੱਲ ਨੱਠ ਨੱਠ ਜਾਵੇ।

ਕੀ ਲੇਖਕ ਕੀ ਨੇਤਾ, ਸਭ ਨੂੰ ਇੱਕੋ ਬੀਮਾਰੀ,
ਲਾਇਲਾਜ ਰੋਗ ਰਹੇ, ਚਿੰਬੜਿਆ ਉਮਰਾ ਸਾਰੀ।

ਧਰਮ ਦੇ ਕਰਮ ਵੀ ਕੁਰਸੀ, ਬਿਨਾ ਨਾ ਪੂਰਣ ਹੁੰਦੇ,
ਹਰ ਥਾਂ ਦੇਖੋ ਕਾਰੇ, ਕੁਰਸੀ ਦੇ ਬੜੇ ਹੀ ਗੁੰਡੇ।

ਸਿਆਣਪਾਂ ਛਿੱਕੇ ਟੰਗ ਕੇ, ਝੁੱਗੇ ਚੌੜ ਕਰਾ ਕੇ,
ਕਰਨ ਲਾਲਸਾਵਾਂ ਜ਼ਾਹਿਰ, ਵਿੱਚ ਚੌਰਾਹੇ ਆ ਕੇ।

ਪੱਗੋ ਹੱਥੀਂ ਹੁੰਦੇ, ਕਈ ਮੈਂ ਥਾਂ ਥਾਂ ਡਿੱਠੇ,
ਤਿੰਨ ਲੱਤੀਆਂ ਕੁਰਸੀਆਂ ਨੂੰ, ਮਾਰਨ ਘੁੱਟ ਘੁੱਟ ਜੱਫੇ।

ਖੁਸ ਜਾਏ ਜੇ ਕੁਰਸੀ, ਲੈਂਦੇ ਹੋਕੇ 'ਤੇ ਹਾਵੇ,
ਜਾਨ ਜਾਵੇ ਤਾਂ ਜਾਵੇ, ਹਾਏ ਕੁਰਸੀ ਨਾ ਜਾਵੇ!

ਪੁੱਠਾ ਵਗਦਾ ਹੈ ਚਲਣ, ਜਿਸ ਵਿੱਚ ਕਈ ਜਾਂਦੇ ਰੁੜ੍ਹਦੇ,
ਜੇ ਹੱਥ ਨਾ ਆਵੇ ਕੁਰਸੀ, ਤੜਫਦੇ ਨਿੱਤ ਹੀ ਕੁੜ੍ਹਦੇ।

ਆਓ ਕਰੀਏ ਕਿਨਾਰਾ, ਇਨ੍ਹਾਂ ਤੋਂ ਬਚ ਕੇ ਰਹੀਏ,
ਐਸੇ ਪੁਰਸ਼ਾਂ ਨੂੰ ਸਿਆਣੇ, ਹੁਣ ਕਿਵੇਂ ਅਸੀਂ ਕਹੀਏ?




# ਵਿਚਾਰਾਂ ਦੀ ਗਰਦਸ਼

*-ਹਿੰਦੋਸਤਾਨੀ ਜਾਤ ਪਾਤੀ ਪ੍ਰਬੰਧ ਦਾ ਸਮਾਜੀ ਜਾਂ ਕੌਮੀ ਏਕਤਾ ਨਾਲ ਅੱਗ ਪਾਣੀ ਵਾਲਾ ਸਬੰਧ ਹੈ।

*-ਦਿਲ ਆਪਣੇ ਨੂੰ ਤੋਤੇ ਵਾਂਗ ਇਹੋ ਸਖਾਈ ਦਾ, ਛੱਡ ਕੇ ਤੁਰ ਗਏ ਯਾਰ ਮਗਰ ਨਹੀਂ ਜਾਈਦਾ।

*-ਅੱਜ ਹਿੰਦੂ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਡੱਸ ਰਿਹਾ, ਸੱਪ ਤੇ ਨਿਉਲਾ ਸਾਈਡ ਤੇ ਬੈਠਾ ਹੱਸ ਰਿਹਾ।

*-1469 ਤੋਂ ਲੈ ਕੇ ਅੱਜ ਤੱਕ ਸਾਡਾ ਇਤਿਹਾਸ ਦਸਤਾਰ ਦਾ ਹੈ, ਵੈਰੀ ਸਦਾ ਹੀ ਸਾਨੂੰ ਵੰਗਾਰਦੇ ਰਹੇ। ਰਹਿਣ ਦੇਣਾ ਨਹੀਂ ਕੋਈ ਪੱਗ ਵਾਲਾ-ਉਹ ਹੁਕਮ ਤੇ ਹੁਕਮ ਹੀ ਚਾੜਦੇ ਰਹੇ।

*-ਸਾਡੇ ਸਿਰਾਂ ਦਾ ਸਦਾ ਮੁੱਲ ਪਾ ਕੇ ਝਾੜੀ ਝਾੜੀ ਵਿੱਚ ਸਾਨੂੰ ਭਾਲਦੇ ਰਹੇ, ਰਹੇ ਘਰ ਸਾਡੇ ਘੋੜਿਆਂ ਦੀਆਂ ਕਾਠੀਆਂ ਤੇ ਅਸੀਂ ਔਖੇ ਤੋਂ ਔਖੇ ਕਾਜ ਵੀ ਕਰਦੇ ਰਹੇ।

*-ਸਿੰਘਾਂ ਤੇਰੀ ਪੱਗੜੀ ਦੀ ਸ਼ਾਨ ਵੱਖਰੀ, ਤੇਰਾ ਰੂਪ ਵੱਖਰਾ ਗਿਆ ਹੈ ਸਾਜਿਆ। ਗੁਰੂ ਨੇ ਵੀ ਤੈਨੂੰ ਚੇਲਾ ਬਣ ਕੇ ਨਵਾਜਿਆ।

*-ਜਿਸ ਪੰਜਾਬ ਨੂੰ ਅੱਗੇ ਵਧਦਾ ਵੇਖਣਾ ਸੀ ਖਾਬ ਮੇਰਾ, ਬੇਈਮਾਨ ਲੀਡਰਾਂ ਤੇ ਅਖੌਤੀ ਬਾਬਿਆਂ ਨੇ ਡੋਲੂ ਵਾਂਗ ਮਾਂਜਤਾ ਪੰਜਾਬ ਮੇਰਾ।

*-ਪੰਜਾਬੀਓ, ਪੰਜਾਬੀ ਮਾਂ ਬੋਲੀ ਤੇ ਨਾਜ ਕਰੋ, ਮਤਰੇਈਆਂ ਦੇ ਗੱਲ੍ਹ ਲੱਗ ਕੇ ਸੱਕੀ ਮਾਂ ਨਾ ਨਾਰਾਜ਼ ਕਰੋ।

*-ਕਦੇ ਮਾਵਾਂ, ਪੁੱਤਰ ਨੀਹਾਂ ਚ ਚੁਨਾਏ ਸੀ, ਕਦੇ ਟੋਟੇ ਪੁਤੱਰਾਂ ਦੇ ਗੱਲ੍ਹਾਂ ਚ ਪਵਾਏ ਸੀ। ਕਦੇ ਆਪ ਜਾਨਾਂ ਇਹਨਾਂ ਸਿੱਖੀ ਤੋਂ ਵਾਰੀਆਂ, ਸ਼ਹੀਦਾਂ ਦੀਆਂ ਮਾਵਾਂ ਲੋਕੋ ਜੱਗ ਤੋਂ ਨਿਆਰੀਆਂ।

*-ਜ਼ਿੰਦਗੀ ਤੋਂ ਤੁਸੀਂ ਜੋ ਵੀ ਲੈ ਸਕੋ ਲੈ ਲਵੋ, ਕਿਉਂਕਿ ਜਦੋਂ ਜ਼ਿੰਦਗੀ ਲੈਣਾ ਸ਼ੁਰੂ ਕਰ ਦਿੰਦੀ ਹੈ ਤਾਂ ਇਹ ਤੁਹਾਡੇ ਸਾਹ ਵੀ ਨਹੀਂ ਛੱਡਦੀ।

*-ਨਸ਼ਾਂ, ਨਾ ਕਦੇ ਘਸੁੰਨ ਮਾਰਦਾ, ਨਾ ਕਦੇ ਲੱਤ ਮਾਰਦਾ, ਜਦੋਂ ਵੀ ਇਹ ਮਾਰਦਾ ਸਿਰਫ ਮੱਤ ਮਾਰਦਾ।

*-ਜਾਗੋ ਸਿੰਘੋ ਜਾਗੋ, ਓ 'ਤੇ ਜੂੜਾ ਸਾਂਭੋ-ਸਿੱਖੀ ਸਾਂਭੋ! ਕੇਸਾਂ ਬਿਨਾਂ ਸਿੱਖ ਨਹੀਂ! ਸੋ ਨੌਜਵਾਨੋ ਆਉ ਆਪਣਾ ਫਰਜ਼ ਨਿਭਾਈਏ।







ALL STAR AUTO SMOG
Star And Regular Smog Check
ਟਰੱਕ ਕਾਰ ਪ੍ਰਦੂਸ਼ਣ ਦੀ ਜਾਂਚ
On-Site ਤੇ ਜਾਕੇ ਵੀ ਸਮੋਗ ਚੈੱਕ ਕਰਦੇ ਹਾਂ
Fleet ਵਾਸਤੇ ਖਾਸ ਡਿਸਕਾਉਂਟ
CERTIFIED
Star Certified Test only Station
Open : Monday to Saturday
ਖੁੱਲਣ ਦਾ ਸਮਾਂ ਰਾਤ 09:00 - 5:00 ਵਜੇ
CELL (209) 568-7833
SHOP (209) 248-5128
1561 East Whitmore Ave
Ceres, CA 95307


GHUMAN LAW GROUP
Immigration Law I Criminal Defense Law
GHUMAN
LAW GROUP INC.
FIGHTING FOR YOUR RIGHTS
TRUST OUR EXPERIENCED TEAM FOR RELENTLESS PROTECTION OF YOUR RIGHTS.
IMMIGRATION LAW
GUARDIANSHIP | SIJS
GREEN CARD
EMPLOYMENT VISA
INVESTMENT VISA
VAWA
U VISA
P3 VISA
R1 VISA
IMMIGRATION LAW
HELP
CRIMINAL DEFENSE LAW
EXPUNGEMENT
Clean your criminal record through Courts
ਅਕਸਪੰਜਮਿੰਟ
DOMESTIC VIOLENCE (DV)
ਘਰੇਲੂ ਝਗੜੇ
RESTRAINING ORDERS
ਰੀਸਟਰੈਨਿੰਗ ਆਡਰ
DUI
ਸ਼ਰਾਬ ਪੀ ਕੇ ਗੱਡੀ ਚਲਾਉਂਦੇ ਫੜੇ ਜਾਣਾ
DRUG CHARGES
ਡਰੰਗ ਦੇ ਕੇਸ
FELONY / MISDEMEANOR ALL TYPE CHARGES
ਫੈਲਨੀ/ ਮੀਸਟੀਮੀਨਰ ਸਬੰਧੀ ਕੇਸ
MON - FRI | 9:00 AM - 3:00 PM
+1-228-200-0001 | www.ghumanlawgroup.org
2450 VENTURE OAKS WAY, STE 225 SACRAMENTO, CA


JK TYRE INC
JKTYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
SPECIAL OFFER !!
STEER TIRE
295/75R22.5
With Installation
Singh: 510-766-9382
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
Feel the difference BARKLEY
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205


SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
INDIAN & FIJI GROCERY
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


E-MAIL:SALES@ezeldsolutions.com
EZ ELD SOLUTIONS
LOGBOOKS MADE EASY
TRACK YOUR TRUCK WITH
EZ TRUCK SOLUTION
ਆਪਣੇ ਟਰੱਕ ਵਿਚ ELD DEVICE ਲਗਾਉਣ ਲਈ ਸਾਨੂੰ ਕਾਲ ਕਰੋ
ਅਸੀਂ ਤੁਹਾਡੇ ਨਾਲ ਪੰਜਾਬੀ ਵਿਚ ਗੱਲ-ਬਾਤ ਕਰ ਸਕਦੇ ਹਾਂ
FMCSA Complaint & Affordable
The Power of telematics in the palm of your hand
Compliance | Asset Tracking | Management
$100 HARDWARE
ONE-TIME FEE
$20 MONTHLY
SUBSCRIPTION
24/7 TECHNICAL SUPPORT IN
ENGLISH,SPANISH AND PUNJABI.
CALL NOW +1 (800) 556-7105
Official Address : 2301 W Belmont ave, Fresno, CA 93727


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


PACIFIC ATLANTIC
INSURANCE SERVICES INC.
AGENCY LIC# 6022536
ਕਿਸੇ ਵੀ ਤਰ੍ਹਾਂ ਦੀ insurance ਕਰਾਉਣ ਲਈ ਕਾਲ ਕਰੋ
ਅਸੀਂ ਹੇਠ ਲਿਖੀਆਂ ਸੇਵਾਵਾਂ ਦਿੰਦੇ ਹਾਂ
ਟਰੱਕਇੰਗ ਬਿਜ਼ਨਸ (ਟਰੱਕ /ਟ੍ਰੇਲਰ) ਦੀ ਇੰਸ਼ੋਰੈਂਸ
ਕਮਰਸ਼ੀਅਲ ਪ੍ਰਾਪਰਟੀ ਦੀ ਇੰਸ਼ੋਰੈਂਸ
ਕਾਰੋਬਾਰ ਦੀ ਇੰਸ਼ੋਰੈਂਸ
ਕਾਰ ਜਾਂ ਘਰ ਦੀ ਇੰਸ਼ੋਰੈਂਸ
ਅਸੀਂ Compatible ਰੇਟ ਦਿੰਦੇ ਹਾਂ, ਕਿਤੇ ਹੋਰ ਜਾਣ ਤੋਂ ਪਹਿਲਾ ਸਾਡੇ ਰੇਟ ਜਰੂਰ ਚੈੱਕ ਕਰੋ
ਅਤੇ Free QUOTE ਲਈ ਕਾਲ ਕਰੋ
ਸੰਪਰਕ ਕਰੋ
Farhan Ali
CLIENT RELATIONS MANAGER
Jessie Ghangas
BROKER AGENT CA LIC# 0171673
(916)800-9828
621 Houston Street W. Sacramento, CA 95691
OFFICE : (530)556-8004
Support@pacificatlanticsvs.com | www.pacificatlanticsvs.com
ਅਸੀਂ ਪੰਜਾਬੀ ਹਿੰਦੀ ਉਰਦੂ ਇੰਗਲਿਸ਼ ਅਤੇ ਸਪੇਨਿਸ਼ ਵਿਚ ਗੱਲ ਕਰ ਸਕਦੇ ਹਾਂ
VISIT US ON :


ARCPOINT LABS
OF MANTECA
Accurate, Reliable, Confidential Testing.
ਸਾਡੀਆਂ ਸੇਵਾਵਾਂ :
DOT ਦੇ Drug ਤੇ Alcohal Testing
Pre- Employment Testing | Physicals
Hair & Nail Testing |Immigration DNA
Paternity & Relationship DNA
Health Checkups ਜਿਵੇਂ :
Cholestrol Test
Heart Health
Thyroid Test
Diabetes Test
Food Allergy
Vitamin & Nutrient Test
ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ
BOY? or GIRL?
ਵਧੇਰੇ ਜਾਣਕਾਰੀ ਲਈ ਕਾਲ ਕਰੋ :
(209) 629-8282 | (209) 505-6384
Address : 119. Maple AVe, Suite A Manteca, CA 95336


FLEET SAFETY
Management
• Driver Qualification Files
• Employment Background Verification
• Clearing House Enrollment & Admin Accounts
• DMV Employer Pull Notice (EPN & MVR)
• FMCSA Monitoring
• Accident Claims Assistance
• Vehicle Maintenance Records
• Daily Logbook Audits
• SAP Program Assistance
• Roadside Inspection Updates
• Citation Acknowledgement
• CDL and Medical Card Follow-Up
ਟਰੱਕਿੰਗ ਕੰਪਨੀ, ਦੇ ਮਾਲਕ ਜਾਂ Driver ਹੋ ?
Compliance ਵਿੱਚ ਰਹਿਣ ਲਈ ਮਦਦ ਚਾਹੀਦੀ ਹੈ ?
ਤੁਹਾਡਾ Audit Fail ਹੋ ਗਿਆ ਹੈ ?
ਤੁਹਾਡਾ License ਕਿਸੇ ਵੀ ਨਸ਼ੇ ਕਰਕੇ Suspend ਹੋਇਆ ਹੈ ?
Drug Test ਵਿੱਚ Fail ਹੋ ਗਏ ਹੋ ?
17910 Murphy pkwy Lathrop, CA
(678) 984-2697

# JVS LOGISTICS

2345 Enterprise Park Place Indianapolis Indiana, 46218



- ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
- ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
- ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ



- ਕਰਾਸ ਡੌਕ ਸੇਵਾਵਾਂ
- ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
- ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
- ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
- ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

JUGDEV SAMRA (317) 379-4065

SUKHDEV SAMRA (317) 250-3545

jvslogisticsllc@outlook.com

ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us




Capital
DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM

POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com

